# ਪ੍ਰਢ

## ਹੋਰ ਕਿਤਾਬਾਂ

ਇੱਕ ਛਿਣ ਦੀ ਵਾਰਤਾ ( ਕਵਿਤਾ)-1989

ਓ ਮੀਆਂ ( ਕਵਿਤਾ) -2009

ਸਿਆਸਤ ਦਾ ਰੁਸਤੇ ਹਿੰਦਾ ( ਵਾਰਤਕ)-2006

ਸਿੰਘ ਯੋਗੀ (ਵਾਰਤਕ)-2003

ਪੰਜਾਬ ਦੇ ਪੰਛੀ ( ਸੰਪਾਦਨਾ)

# ਧੂਫ

ਸ਼ਮੀਲ

**ਬੀਜ ਬੁੱਕਸ**

Dhoof ( Punjabi Poems by Shameel)

© shameel

First Edition: 2019

ISBN:

Book Layout and design: Harjinder

www.SpicyCreatives.com

Published in Canada by Beej Books

7887 Tranmere Drive, Mississauga, ON L5S 1V9

Published in India by Unistar Books

301, Industrial Area, Phase -9

SAS Nagar, Mohali-Chandigarh (Punjab)

Email: unistarbooks@gmail.com

www.unistarbooks.com

Phone: 91-172-4608699, 4608799

Cover:

# ਸਮਰਪਣ

ਤਰਤੀਬ

ਕਵਿਤਾ ਦੀ ਲੋੜ

ਟਰੇਨ ਕਵਿਤਾ

ਇੱਕ ਪਿਓ ਦੀਆਂ ਕਵਿਤਾਵਾਂ

ਧੂਫ

ਕਵਿਤਾ ਫਿਲੌਸਫੀ ਦੀ ਭੈਣ ਹੈ, ਜਿਹੜੀ ਮੇਕਅੱਪ ਕਰਦੀ ਹੈ
**ਜੈਨੀਫਰ ਗਰੇਤਜ਼**

# ਕਵਿਤਾ ਦੀ ਲੋੜ

ਇਸ ਕਿਤਾਬ ਦੇ ਤਿੰਨੇ ਹਿੱਸੇ ਹਨ:

ਪਹਿਲੀ ਕਿਤਾਬ ਦਾ ਅਨੁਭਵ ਪੰਜਾਬੀ ਭਾਸ਼ਾ ਵਿੱਚ ਐਨਾ ਗਹਿਰ ਉਤਰਿਆ ਹੈ ਕਿ ਕਈ ਵਾਰ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਸਾਡੀ ਭਾਸ਼ਾ ਦਾ ਸਮੁੱਚਾ ਸੰਸਾਰ ਖੜ੍ਹਾ ਹੀ ਪਿੰਡ ਦੇ ਅਨੁਭਵ ਤੇ ਹੋਵੇ। ਪੰਜਾਬੀ ਕਮਿਊਨਿਟੀ ਦੇ ਗਲੋਬਲ ਅਨੁਭਵ ਦੇ ਬਾਵਜੂਦ ਸਾਡਾ ਮੁਹਾਵਰਾ ਅਜੇ ਵੀ ਪਿੰਡ ਅਤੇ ਖੇਤੀ ਵਾਲਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਕਈ ਥਾਵਾਂ ਤੇ ਆਪਣੀ ਭਾਸ਼ਾ ਨੂੰ ਖੇਤੀ ਵਾਲੇ ਅਨੁਭਵ ਚੋਂ ਬਾਹਰ ਨਿਕਲਦੀ ਦੇਖਣਾ ਮੇਰੇ ਲਈ ਨਵਾਂ ਅਨੁਭਵ ਸੀ।

ਦੂਜੀ ਕਿਤਾਬ 'ਇੱਕ ਪਿਓ ਦੀਆਂ ਕਵਿਤਾਵਾਂ' ਦੀ ਜ਼ਿਆਦਾਤਰ ਕਵਿਤਾਵਾਂ ਪਿਛਲੇ ਕੁੱਝ ਮਹੀਨਿਆਂ ਦੌਰਾਨ ਹੀ ਲਿਖੀਆਂ ਗਈਆਂ। ਪਰ ਇਨ੍ਹਾਂ ਦੇ ਬੀਜ ਟਰੇਨ-ਕਵਿਤਾ ਤੋਂ ਕਾਫੀ ਪੁਰਾਣੇ ਹਨ। ਪਿਛਲੇ ਕੁੱਝ ਸਾਲ ਤੋਂ ਮੈਂ ਇਸ ਤਰਾਂ ਦੇ ਅਨੁਭਵ ਚੋਂ ਲੰਘ ਰਿਹਾ ਸਾਂ ਅਤੇ ਮਨੋ-ਮਨੀ ਇਸ ਤਰਾਂ ਦੇ ਅਹਿਸਾਸ ਅਕਸਰ ਪੈਦਾ ਹੁੰਦੇ ਪਰ ਕਾਗਜ਼ ਤੇ ਲਿਖਣੋਂ ਰਹਿ ਜਾਂਦੇ। ਜਦ ਹੁਣ ਮੈਂ ਲਿਖਣ ਲੱਗਿਆ ਤਾਂ ਉਹ ਵੀ ਵਾਪਿਸ ਆਉਣੇ ਸ਼ੁਰੂ ਹੋ ਗਏ। ਕਿਸੇ ਵੇਲੇ ਮੇਰਾ ਇਰਾਦਾ ਇਸ ਅਨੁਭਵ ਤੇ ਇੱਕ ਵੱਖਰੀ ਅਤੇ ਵੱਡੀ ਕਿਤਾਬ ਲਿਖਣ ਦਾ ਸੀ ਪਰ ਉਹ ਟਲਦਾ ਗਿਆ। ਹੁਣ ਸੋਚਿਆ ਹੋਰ ਟਾਲਣ ਅਤੇ ਵਿਹਲ ਦੀ ਉਡੀਕ ਕਰਨ ਨਾਲੋਂ ਜੋ ਵੀ ਸੰਭਵ ਹੈ, ਲਿਖ ਦਿਤਾ ਜਾਵੇ।

ਤੀਜੀ ਕਿਤਾਬ 'ਧੂਫ' ਹੈ, ਜਿਹੜਾ ਇਸ ਸਮੁੱਚੇ ਸੰਗ੍ਰਹਿ ਦਾ ਨਾਂ ਵੀ ਹੈ। ਇਹ ਰਲਵੇਂ ਮਿਲਵੇਂ ਅਹਿਸਾਸਾਂ ਵਾਲੀਆਂ ਕਵਿਤਾਵਾਂ ਹਨ ਪਰ ਇਨ੍ਹਾਂ ਦਾ ਮੁੱਖ ਸਰੋਕਾਰ ਵੱਖ ਵੱਖ ਕੋਣਾਂ ਤੋਂ ਸੰਵੇਦਨਸ਼ੀ-ਲਤਾ ਅਤੇ ਕਵਿਤਾ ਨੂੰ ਅਨੁਭਵ ਕਰਨਾ ਹੈ ਅਤੇ ਇਹ ਆਪਣੇ ਆਪ ਵਿੱਚ ਕਵਿਤਾ ਬਾਰੇ ਕਵਿਤਾ ਬਣ ਗਈ। ਮੈਂ ਖੁਦ ਬਹੁਤ ਸਾਲ ਤੱਕ ਇਸ ਸੁਆਲ ਨਾਲ ਲੜਦਾ ਰਿਹਾ ਕਿ ਕਵਿਤਾ ਦੀ ਕੀ ਲੋੜ ਹੈ ਜਾਂ ਸਾਡੇ ਸਮਾਜ ਵਿਚ ਕਵਿਤਾ ਦਾ ਕੀ ਰੋਲ ਹੈ। ਬਹੁਤ ਦੇਰ ਮੈਨੂੰ ਇਹ ਵੀ ਲੱਗਦਾ ਰਿਹਾ ਕਿ ਕਵਿਤਾ ਸ਼ਾਇਦ ਖਤਮ ਹੋ ਜਾਵੇਗੀ। ਇਸ ਕਿਤਾਬ ਦੇ ਕੰਮ ਕਰਦਿਆਂ ਮੈਨੂੰ ਬੜੀ ਸ਼ਿੱਦਤ ਅਤੇ ਸਪਸ਼ਟਤਾ ਨਾਲ ਇਹ ਅਹਿਸਾਸ ਹੋਇਆ ਕਿ ਕਵਿਤਾ ਖਤਮ ਨਹੀਂ ਹੋਣੀ ਚਾਹੀਦੀ। ਸਮੁੱਚੀ ਇਨਸਾਨੀ ਜਦੋ-ਜਹਿਦ, ਚਾਹੇ ਉਹ ਅੰਦਰਲੇ ਸਤਰ ਤੇ ਹੋਵੇ ਅਤੇ ਚਾਹੇ ਬਾਹਰੀ ਸਮਾਜਕ ਸਤਰ ਤੇ, ਉਹ ਅਸਲ ਵਿੱਚ ਕਵਿਤਾ ਨੂੰ ਬਚਾਕੇ ਰੱਖਣ ਦੀ ਜੱਦੋਜਹਿਦ ਹੀ ਹੈ। ਕਵਿਤਾ ਦਾ ਮਤਲਬ ਸ਼ਬਦਾਂ ਜਾਂ ਸਤਰਾਂ ਦੀ ਕੋਈ ਖਾਸ ਤਰਤੀਬ ਨਹੀਂ ਹੈ। ਮੇਰੇ ਲਈ ਕਵਿਤਾ ਦਾ ਮਤਲਬ ਉਹ ਸੰਵੇਦਨਸ਼ੀਲਤਾ ਹੈ, ਜਿਹੜੀ ਸਾਨੂੰ ਇਨਸਾਨ ਬਣਾਉਂਦੀ ਹੈ ਜਾਂ ਖੂਬਸੂਰਤ ਇਨਸਾਨ ਬਣਾਉਂਦੀ ਹੈ। ਇਹ ਕਲਾ ਦੇ ਹੋਰ ਰੂਪਾਂ ਵਿੱਚ ਵੀ ਪ੍ਰਗਟ ਹੁੰਦੀ ਹੈ ਪਰ ਸਭ ਤੋਂ ਸੂਖਮ ਅਤੇ ਗਹਿਰੇ ਰੂਪ ਵਿੱਚ ਕਵਿਤਾ ਰਾਹੀਂ ਪ੍ਰਗਟ ਹੁੰਦੀ ਹੈ।

.......

ਸਾਰੀ ਦੁਨੀਆ ਦੇ ਸਾਹਿਤਕ ਜਾਂ ਕਵਿਤਾ ਨਾਲ ਜੁੜੇ ਹਲਕਿਆਂ ਵਿੱਚ ਇਹ ਚਰਚਾ ਅਕਸਰ ਚੱਲਦੀ ਰਹਿੰਦੀ ਹੈ ਕਿ ਆਧੁਨਿਕ ਸਮਾਜ ਵਿੱਚ ਕਵਿਤਾ ਪੜ੍ਹਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ ਜਾਂ ਕਵਿਤਾ ਦੀਆਂ ਕਿਤਾਬਾਂ ਨਹੀਂ ਵਿਕਦੀਆਂ। ਕੁੱਝ ਲੋਕ ਇਹ ਵੀ ਕਹਿੰਦੇ ਹਨ ਕਿ ਕਵਿਤਾ ਖਤਮ ਹੋ ਰਹੀ ਹੈ ਅਤੇ ਇਸਦਾ ਕੋਈ ਭਵਿੱਖ ਨਹੀਂ। ਮੇਰੀ ਨਜ਼ਰ ਵਿੱਚ ਸੁਆਲ ਇਹ ਨਹੀਂ ਹੈ ਕਿ ਕਵਿਤਾ ਪੜ੍ਹਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ ਜਾਂ ਵਧ ਰਹੀ ਹੈ। ਜਾਂ ਕਵਿਤਾ ਸਾਹਿਤ ਦੀ ਇੱਕ ਵਿਧਾ ਦੇ ਰੂਪ ਵਿੱਚ ਬਚੇਗੀ ਜਾਂ ਨਹੀਂ। ਬੁਨਿਆਦੀ ਸੁਆਲ ਇਹ ਹੈ ਕਿ ਇੱਕ ਸੰਵੇਦਨਾ ਦੇ ਰੂਪ ਵਿੱਚ ਬਚੀ ਰਹਿਣੀ ਜ਼ਰੂਰੀ ਹੈ ਅਤੇ ਗਿਣਤੀ ਭਾਵੇਂ ਕਿੰਨੀ ਵੀ ਹੋਵੇ, ਕਵਿਤਾ ਲਿਖਣ-ਪੜ੍ਹਨ ਵਾਲੇ ਸਾਡੇ ਸਮਾਜ ਵਿੱਚ ਬਚੇ ਰਹਿਣੇ ਜ਼ਰੂਰੀ ਹਨ। ਕਵਿਤਾ ਆਂਤਰਿਕ ਤਬਦੀਲੀ ਦਾ ਇੱਕ ਜ਼ਰੀਆ ਅਤੇ ਟੂਲ ਹੈ।

.....

ਮੇਰਾ ਸੰਬੰਧ ਪੰਜਾਬ ਦੇ ਪਿੰਡਾਂ ਚੋਂ ਆਈ ਉਸ ਪੀੜ੍ਹੀ ਨਾਲ ਹੈ, ਜਿਸਨੇ ‘ਤਰੱਕੀ’ ਦੀ ਮਾਰ ਤੋਂ ਪਹਿਲਾਂ ਦੇ ਜੀਵਨ ਦੀਆਂ ਕੁੱਝ-ਕੁੱਝ ਝਲਕਾਂ ਦੇਖੀਆਂ ਹਨ। ਮੇਰੇ ਬਚਪਨ ਵਿੱਚ ਘਰਾਂ ਅੰਦਰ ਹਾਰੇ ਹੁੰਦੇ ਹਨ, ਜਿਨ੍ਹਾਂ ਵਿੱਚ ਮੱਠੇ ਸੇਕ ਨਾਲ ਸਾਰੀ ਰਾਤ ਦੁੱਧ ਕੜ੍ਹਦਾ ਸੀ। ਸਾਡੇ ਪਿੰਡਾਂ ਵਿੱਚ ਅੰਬਾਂ ਦੇ ਬਾਗ ਸਨ ਅਤੇ ਤਰਾਂ ਤਰਾਂ ਦੇ ਫਲੇਵਰਾਂ ਵਾਲੀਆਂ ਅੰਬੀਆਂ ਹੁੰਦੀਆਂ ਸਨ। ਉਨ੍ਹਾਂ ਦਿਨਾਂ ਦੌਰਾਨ ਭਾਵੇਂ ਆਧੁਨਿਕ ਅਤੇ ਦਵਾਈਆਂ ਵਾਲੀ ਖੇਤੀ ਨੇ ਪੂਰੇ ਪੰਜਾਬ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ ਪਰ ਸਾਡਾ ਇਲਾਕਾ ਪੰਜਾਬ ਦੇ ਪਿਛੜੇ ਹੋਈ ਪਹਾੜੀ ਖੇਤਰ ਨਾਲ ਸੰਬੰਧਤ ਹੋਣ ਕਾਰਨ  ਇਸ ਤਰੱਕੀ ਤੋਂ ਬਚਿਆ ਹੋਇਆ ਸੀ। ਤਰੱਕੀ ਦੁਆਰਾ ਨਸ਼ਟ ਕੀਤੀ ਜ਼ਿੰਦਗੀ ਦੇ ਉਹ ਸਾਰੇ ਫਲੇਵਰ ਜੋ ਮੈਂ ਥੋੜ੍ਹੇ ਥੋੜ੍ਹੇ ਅਨੁਭਵ ਕੀਤੇ, ਉਨ੍ਹਾਂ ਦੀ ਕਮੀ ਹੁਣ ਮੈਂ ਕੈਨੇਡਾ ਆ ਕੇ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ। ਤਰੱਕੀ ਦੁਆਰਾ ਕੀਤੀ ਉਸ ਹਿੰਸਾ ਦਾ ਮੈਂ ਵੀ ਇੱਕ ਚਸ਼ਮਦੀਦ ਗਵਾਹ ਸਮਝਦਾ ਹਾਂ। ਇਸ ਦੀਆਂ ਕੁੱਝ ਕੁ ਗਵਾਹੀਆਂ ਇਨ੍ਹਾਂ ਕਵਿਤਾਵਾਂ ਚੋਂ ਦਿਸਣਗੀਆਂ।

.....

ਮੇਰੇ ਲਈ ਕਵਿਤਾ ਦਾ ਇੱਕ ਅਰਥ ਜੀਵਨ ਵਿੱਚ ਆ ਰਹੇ ਨਕਲੀਪਣ ਤੋਂ ਮੁਕਤ ਹੋਣਾ ਹੈ। ਚੰਡੀਗੜ੍ਹ ਵਿੱਚ ਪੱਤਰਕਾਰੀ ਦੇ ਦਿਨਾਂ ਦੌਰਾਨ ਕਿਸੇ ਸਰਕਾਰੀ ਮਹਿਕਮੇ ਦੇ ਇੱਕ ਅਫਸਰ ਨੂੰ ਮਿਲਣ ਗਿਆ। ਮੈਂ ਉਸ ਨੂੰ ਪਹਿਲੀ ਵਾਰ ਮਿਲਣਾ ਸੀ। ਅਫਸਰ ਆਪਣੇ ਕਮਰੇ ਵਿਚ ਦਾਖਲ ਹੋਇਆ, ਕੁਰਸੀ ਤੇ ਬੈਠਿਆ ਅਤੇ ਕੁੱਝ ਪਲਾਂ ਦੀ ਗੱਲਬਾਤ ਤੋਂ ਬਾਅਦ ਹੀ ਮੈਨੂੰ ਲੱਗਿਆ ਕਿ ਅਫਸਰ ਕੁੱਝ ਵੱਖਰਾ ਹੈ। ਉਸਦੇ ਜਿਸਮ ਦੀ ਲੈਅ, ਜਿਸ ਨੂੰ ਅਸੀਂ ਬੌਡੀ ਲੈਂਗੂਏਜ ਵੀ ਕਹਿੰਦੇ ਹਾਂ, ਕੁੱਝ ਵੱਖਰੀ ਲੱਗੀ। ਅਫਸਰੀ ਰੋਹਬ ਅਤੇ ਤਣਾਅ ਘੱਟ ਸੀ। ਰਸਮੀਪੁਣਾ ਘੱਟ ਸੀ। ਗੱਲਬਾਤ ਵਿੱਚ ਆਪਣੇਪਣ ਦੀ ਭਾਵਨਾ ਸੀ। ਕੁੱਝ ਹੀ ਮਿੰਟਾਂ ਵਿੱਚ ਇਹ ਗੱਲ ਸਾਹਮਣੇ ਆ ਗਈ ਕਿ ਅਸਲ ਵਿੱਚ ਉਹ ਖੁਦ ਇੱਕ ਸਾਹਿਤਕਾਰ ਹਨ ਅਤੇ ਸਾਹਿਤ ਨਾਲ ਜੁੜੇ ਇਨਸਾਨ ਹਨ। ਉਹ ਵੱਖਰਾਪਣਾ ਜੋ ਉਸ ਇਨਸਾਨ ਵਿੱਚ ਮੈਂ ਦੇਖਿਆ, ਉਸ ਨੂੰ ਮੈਂ ਕਵਿਤਾ ਕਹਿ ਰਿਹਾ ਹਾਂ। ਕਵਿਤਾ ਮੇਰੇ ਲਈ ਧਰਤੀ ਨਾਲ ਜੁੜੇ  ਹੋਏ ਇਨਸਾਨ ਦੀ ਨਿਸ਼ਾਨੀ ਹੈ।

.....

ਇਨ੍ਹਾਂ ਕਵਿਤਾਵਾਂ ਵਿੱਚ ਕਵੀ ਸਿਰਫ ਕਵਿਤਾ ਲਿਖਣ ਵਾਲੇ ਲੋਕ ਹੀ ਨਹੀਂ। ਜੋ ਕਵਿਤਾ ਪੜ੍ਹਦੇ ਹਨ, ਉਹ ਵੀ ਕਵੀ ਹਨ। ਜੋ ਕਵਿਤਾ ਨੂੰ ਸਮਝ ਸਕਦੇ ਹਨ, ਜੋ ਕਵਿਤਾ ਨਾਲ ਜੁੜ ਸਕਦੇ ਹਨ, ਜੋ ਕਵਿਤਾ ਨੂੰ ਮਾਣ ਸਕਦੇ ਹਨ, ਉਹ ਵੀ ਕਵੀ ਹਨ। ਕਵਿਤਾ ਦਾ ਮਤਲਬ ਜੀਵਨ ਪ੍ਰਤੀ ਵੱਧ ਸੰਵੇਦਨਸ਼ੀਲ ਹੋਣਾ ਹੈ, ਅਹਿਸਾਸਮੰਦ ਹੋਣ ਹੈ, ਗੈਰ-ਰਸਮੀ ਹੋਣਾ ਹੈ, ਸਾਦੇ ਹੋਣਾ ਹੈ, ਨਿਮਰ ਹੋਣਾ ਹੈ, ਧਰਤੀ ਨਾਲ ਜੁੜੇ ਹੋਣਾ ਹੈ।
ਅਤੇ ਕੁਦਰਤ ਨਾਲ ਪ੍ਰੇਮ ਕਰਨਾ ਸਭ ਤੋਂ ਵੱਡੀ ਕਵਿਤਾ ਹੈ।

……

ਅੱਜਕਲ੍ਹ ਰੂਹਾਨੀਅਤ ਦੀ ਗੱਲ ਕਰਨ ਦਾ ਫੈਸ਼ਨ ਹੋ ਗਿਆ ਹੈ। ਪਰ ਮੇਰੇ ਲਈ ਰੂਹਾਨੀਅਤ ਸਿਰਫ ਕੋਈ ਦਾਰਸ਼ਨਿਕ ਸਿਧਾਂਤ ਨਹੀਂ ਹੈ। ਰੂਹਾਨੀਅਤ ਸੰਵੇਦਨਸ਼ੀਲਤਾ ਦਾ ਹੀ ਇੱਕ ਅਗਲਾ ਪੱਧਰ ਹੈ। ਇਸ ਨਾਲ ਕਿਸੇ ਤਰਾਂ ਦੇ ਰਹੱਸ ਨੂੰ ਜੋੜਨ ਦੀ ਲੋੜ ਨਹੀਂ। ਜਦੋਂ ਅਸੀਂ ਆਪਣੇ ਆਪ, ਆਪਣੇ ਆਲੇ ਦੁਆਲੇ ਦੇ ਦੂਜੇ ਇਨਸਾਨਾਂ, ਜੀਵਨ ਦੇ ਦੂਸਰੇ ਰੂਪਾਂ, ਕੁਦਰਤ, ਧਰਤੀ ਅਤੇ ਕਾਇਨਾਤ ਨਾਲ ਜੁੜੇ ਮਹਿਸੂਸ ਕਰਦੇ ਹਾਂ, ਜਦੋਂ ਜੀਵਨ ਸਿਰਫ ਖਾਣਾ-ਪੀਣਾ ਅਤੇ ਘਰ ਭਰਨਾ ਨਾ ਹੋਵੇ ਤਾਂ ਉਹ ਸੰਵੇਦ-ਨਸ਼ੀਲਤਾ ਦਾ ਇੱਕ ਵੱਖਰਾ ਪੱਧਰ ਹੈ। ਜਦੋਂ ਦੂਜਿਆਂ ਦਾ ਦੁਖ ਤਕਲੀਫ਼ ਦਿੰਦਾ ਹੈ, ਜਦੋਂ ਕਿਸੇ ਜੀਵ ਨੂੰ ਨੁਕਸਾਨ ਪਹੁੰਚਾਉਂਦਿਆਂ ਤੁਹਾਡਾ ਦਿਲ ਦੁਖਦਾ ਹੈ, ਜਦੋਂ ਕਿਸੇ ਦਾ ਅਪਮਾਨ ਕਰਕੇ ਪਛਤਾਵਾ ਹੁੰਦਾ ਹੈ, ਇਹ ਸੰਵੇਦਨਾ ਦਾ ਉਹ ਸਤਰ ਹੈ, ਜਿਸ ਨੂੰ ਤੁਸੀਂ ਚਾਹੋ ਤਾਂ ਰੂਹਾਨੀਅਤ ਕਹਿ ਲਓ। ਮੇਰੇ ਲਈ ਇਹ ਕਵਿਤਾ ਹੈ। ਅਸਲ ਕਵਿਤਾ। ਇਸੇ ਕਰਕੇ ਗੁਰੂ ਬਾਬੇ ਕਵੀ ਸਨ। ਇਸੇ ਕਰਕੇ ਸੂਫੀ ਕਵੀ ਸਨ। ਇਸੇ ਕਰਕੇ ਰਿਸ਼ੀ ਕਵੀ ਸਨ। ਇਹੀ ਵਜ੍ਹਾ ਹੈ ਕਿ ਅੱਜ ਸਾਨੂੰ ਫੇਰ ਹੋਰ ਕਵੀਆਂ ਦੀ ਲੋੜ ਹੈ।

# ਟਰੇਨ ਕਵਿਤਾ

## ਟਰੇਨ ਕਵਿਤਾ

ਨਾ ਕੋਈ ਕੁਟੀਆ
ਨਾ ਦਰਗਾਹ
ਨਾ ਝੀਲ ਦਾ ਕਿਨਾਰਾ
ਨਾ ਪਹਾੜੀ ਨਜ਼ਾਰਾ ਕੋਈ
ਨਾ ਟਿੱਲਾ, ਨਾ ਬੇਲਾ
ਨਾ ਨਦੀ ਕੋਈ ਚੁੱਪ-ਚਾਪ ਵਗਦੀ

ਟਰੇਨ ਵਿੱਚ ਬੈਠਾ ਕਵਿਤਾ ਲਿਖਦਾ ਹਾਂ
ਘੋੜੇ ਤੇ ਬੈਠਕੇ ਇਬਾਦਤ ਕਰਦਾਂ
ਮੌਨ ਹੁੰਦਾਂ ਸਿਨਮੇ ਚ ਬੈਠਾ
ਮੇਲੇ ਚ ਜਾਕੇ ਇਕੱਲਾ ਹੁੰਦਾਂ

ਕੋਸ਼ਿਸ਼ ਕਰ ਰਿਹਾਂ
ਹਿੱਲਦੇ ਦ੍ਰਿਸ਼ਾਂ ਨੂੰ ਸਥਿਰ ਕਰਨ ਲਈ
ਮਨ ਲੜ ਰਿਹਾ ਹੈ
ਆਧੁਨਿਕ ਜੰਗਲਾਂ ਨਾਲ।
.....

## ਟਰੇਨ ਅੰਦਰ ਕਵਿਤਾ

ਟਰੇਨ ਅੰਦਰ ਕਵਿਤਾ ਹੈ
ਸ਼ੋਰ ਅੰਦਰ ਚੁੱਪ
ਜੀਵਨ ਅੰਦਰ ਧਿਆਨ

ਜਿੱਥੇ ਅੱਜ ਟਰੇਨ ਚੱਲ ਰਹੀ ਹੈ
ਇੱਥੇ ਕਦੇ ਧੂੰਦੂਕਾਰਾ ਸੀ

ਦੁੱਖਾਂ ਅੰਦਰ ਸੁਖ ਲੁਪਤ ਹਨ
ਦੁਸ਼ਮਣਾਂ ਅੰਦਰ ਦੋਸਤ
ਘਰਾਂ ਅੰਦਰ ਜੰਗਾਂ ਲੁਪਤ ਹਨ
ਮੁਹੱਬਤ ਅੰਦਰ ਭੁਲੇਖਾ

ਟਰੇਨ ਚੱਲ ਰਹੀ ਹੈ
ਦਰਖਤ ਪਿੱਛੇ ਦੌੜ ਰਹੇ ਹਨ

ਦੌੜਦੀ ਟਰੇਨ ਅੰਦਰ ਰਹਾਓ ਲੁਪਤ ਹੈ
ਜਿਵੇਂ ਦੌੜਦੇ ਦਰਖਤ ਅਟਕੇ ਹੋਏ ਹਨ

ਟਰੇਨ ਭੱਜ ਰਹੀ ਹੈ
ਮੈਂ ਰੁਕਿਆ ਹੋਇਆ ਹਾਂ

ਅੱਖਾਂ ਬੰਦ ਕਰਦਾ ਹਾਂ
ਟਰੇਨ ਟਨਲ ਚੋਂ ਲੰਘ ਰਹੀ ਹੈ
ਇੱਕ ਪਲ ਗੁਜ਼ਰਦਾ ਹੈ
ਇਸ ਪਲ ਦੇ ਅੰਦਰ
ਅਨੰਤ ਭਵਿੱਖ ਲੁਪਤ ਹੈ
ਜਿਵੇਂ ਸੰਸਾਰ ਦੇ ਅੰਦਰ
ਰੱਬ ਲੁਪਤ ਹੈ।

## ਟਰੇਨ ਵਿੱਚ ਕਵਿਤਾ

ਟਰੇਨ ਵਿੱਚ ਕਵਿਤਾ ਲਿਖਣੀ ਜਿਵੇਂ
ਸ਼ੌਪਿੰਗ ਮੌਲ ਵਿੱਚ ਕਰਨੀ ਆਰਤੀ
ਫੈਸ਼ਨ ਸ਼ੋਅ ਵਿਚ ਜਾਣਾ ਬਿਨਾਂ ਮੇਕਅੱਪ ਤੋਂ
ਦੁਨੀਆ ਦੇਖਣੀ ਖੜਾਵਾਂ ਪਾਕੇ
ਵਾਈਟ ਹਾਊਸ ਵਿੱਚ ਜੋਤ ਬਾਲਣੀ
ਬੋਰਡ ਰੂਮਾਂ ਚੋਂ ਆਵੇਗੀ ਧੂਫ ਦੀ ਖ਼ੁਸ਼ਬੂ
ਭੈਣਾਂ ਸਾਡੀਆਂ ਦੇ ਚਿਹਰਿਆਂ ਤੇ ਹੋਵੇਗਾ
ਨੂਰ ਇਲਾਹੀ
ਵੀਰ ਸਾਡੇ ਤੁਰਨਗੇ  ਜੋਗੀਆਂ ਵਾਂਗ
ਟਰੇਨਾਂ ਤੁਰਨਗੀਆਂ ਮਸਤ ਚਾਲ
ਜਿਵੇਂ ਮੇਲਣਾਂ ਮੇਲੇ ਚੱਲੀਆਂ ਹੋਣ
ਸੜਕਾਂ ਤੇ ਦੌੜ ਰਹੇ ਬੇਚੈਨ ਡਰਾਈਵਰ
ਹੌਲੀ ਤੁਰਨਗੇ
ਜਿਵੇਂ ਸਿਮਰਨ ਕਰ ਰਹੇ ਹੋਣ

ਅਸੀਂ ਰੁਕ ਜਾਣਾ ਹੈ
ਜਿਵੇਂ ਸਪੇਸ ਵਿੱਚ ਦੌੜਦੀ ਧਰਤੀ ਰੁਕੀ ਲੱਗਦੀ ਹੈ

ਚੱਲਦੀ ਟਰੇਨ ਵਿੱਚ ਅਸੀਂ
ਕਵਿਤਾ ਕਹਿਣੀ ਹੈ
.....

## ਚਿਹਰੇ

ਟਰੇਨ ਵਿੱਚ ਬੈਠੇ ਹਨ ਭਾਂਤ-ਸੁਭਾਂਤੇ ਲੋਕ
ਟਰੇਨ, ਸਪੇਸ ਵਿੱਚ ਘੁੰਮਦੀ ਇੱਕ ਧਰਤੀ
ਕੁੱਝ, ਜਿਵੇਂ ਪਹਿਲੀ ਵਾਰ ਚੜ੍ਹੇ ਹੋਣ
ਸਾਲ ਕੁ ਦੇ ਬੱਚੇ ਦੀ ਤਰਾਂ
    ਕੋਈ ਦ੍ਰਿਸ਼
    ਕੋਈ ਸ਼ੈਅ
    ਦੇਖੇ ਬਿਨਾਂ ਨਹੀਂ ਜਾਣ ਦੇਣਾ ਚਾਹੁੰਦੇ।

ਕਈ ਰੋਜ਼ ਸਫਰ ਕਰਨ ਵਾਲੇ
    ਲਗਾਤਾਰ ਫੋਨ ਤੇ
    ਬੋਲਦੇ ਨੌਨ-ਸਟੌਪ

ਕੁੱਝ ਘੁੰਮਣ ਆਏ ਹਨ ਧਰਤੀ ਤੇ
    ਜਿਵੇਂ ਨਾਨਕੇ ਆਏ ਹੋਣ।
    ਫੋਨ ਤੇ ਗੱਲ ਕਰਦੇ ਕਈ ਹੌਲੀ-ਹੌਲੀ
    ਨਾਲ ਬੈਠੇ ਨੂੰ ਵੀ ਨਹੀਂ ਸੁਣਦਾ
    ਜਿਵੇਂ ਫਕੀਰ ਕੋਈ
    ਰੱਬ ਨਾਲ ਗੱਲਾਂ ਕਰਦਾ ਹੋਵੇ

ਕਈ ਬਦਕਿਸਮਤ
ਬਿਨਾਂ ਟਿਕਟ ਤੋਂ ਹੀ ਆ ਚੜ੍ਹੇ
ਰੱਬ ਤੋਂ ਜਿਵੇਂ
ਗਲਤੀ ਨਾਲ ਭੇਜ ਦਿੱਤੇ ਗਏ ਹੋਣ
ਉਨ੍ਹਾਂ ਦੇ ਸੱਚ ਤੇ ਵੀ ਕੋਈ ਯਕੀਨ ਨਹੀਂ ਕਰਦਾ।

ਕਈ ਕੰਪਿਊਟਰਾਂ ਤੇ ਬਿਜ਼ੀ ਮਾਰੋ-ਮਾਰ
ਜਿਵੇਂ ਫਟਾਫਟ ਕਰਮਾਂ ਦਾ ਹਿਸਾਬ ਨਿਬੇੜਨਾ ਹੋਵੇ ਜਾਂ
ਹੋਰ ਜਮ੍ਹਾਂ ਕਰਨਾ ਹੋਵੇ

ਕਈ ਬੀਬੀਆਂ ਬੌਂਦਲੀਆਂ ਚੜ੍ਹਦੀਆਂ ਅਤੇ
ਅਕਸਰ ਆਪਣਾ ਸਟੇਸ਼ਨ ਭੁੱਲ ਜਾਂਦੀਆਂ
ਜਿਵੇਂ ਗਲਤ ਗ੍ਰਹਿ ਤੇ ਜਨਮ ਲੈ ਲਿਆ ਹੋਵੇ

ਕਈ ਚੁੱਪ-ਚਾਪ ਬੈਠੇ
ਦੇਖ ਰਹੇ ਹਨ ਦੁਨੀਆ ਦਾ ਮੇਲਾ

ਕਦੇ-ਕਦੇ ਚੜ੍ਹਦਾ ਮੁੰਡਿਆਂ ਦਾ ਟੋਲਾ ਬਰਾਤੀਆਂ ਦੀ ਤਰਾਂ
ਸਾਹਮਣੇ ਵਾਲੀ ਸੀਟ ਤੇ ਪੈਰ ਰੱਖਦੇ
ਇੰਝ ਬੈਠਦੇ, ਜਿਵੇਂ ਉਤਰਨਾ ਨਾ ਹੋਵੇ
ਕੋਈ, ਦੂਜਿਆਂ ਨੂੰ ਲੈਕਚਰ ਦਿੰਦਾ
ਵਿਦਵਾਨਾਂ ਦੀ ਤਰਾਂ
ਦੁਨੀਆ ਦੀ ਵਿਆਖਿਆ ਕਰਦਾ ਹੈ

ਕਈ ਫੋਨਾਂ ਤੇ ਲੱਗੇ
ਜਿਵੇਂ ਚੜ੍ਹੇ ਹੀ ਨਾ ਹੋਣ
ਜਨਮੇ ਹੀ ਬੇਸੁਧੀ ਵਿੱਚ
ਉਵੇਂ ਹੀ ਉਤਰ ਜਾਂਦੇ
ਗੱਲਾਂ ਕਰਦੇ-ਕਰਦੇ।

ਕੁੱਝ ਮੇਰੇ ਵਰਗੇ
ਜੋ ਫੋਨਾਂ ਤੋਂ ਬਚਣ ਲਈ
ਕਵਿਤਾ ਲਿਖਦੇ ਹਨ

## ਟਰੇਨ-ਸਮਾਧੀ

ਅੱਖਾਂ ਬੰਦ ਕਰਦਾਂ
ਅੰਦਰ ਦੀ ਚੁਪ ਲੱਭਣ ਦੀ ਕੋਸ਼ਿਸ਼ ਵਿੱਚ
ਟਰੇਨ ਦੇ ਅੰਦਰ
ਅਨੰਤ ਅਵਾਜ਼ਾਂ--
   ਲੋਕਾਂ ਦੀਆਂ
   ਧਾਤਾਂ ਦੀਆਂ
   ਹਵਾ ਦੀਆਂ
   ਸਪੇਸ ਦੀਆਂ।

ਇੱਕ ਔਰਤ ਫੋਨ ਤੇ ਲੱਗੀ ਹੈ, ਰੋਜ਼ ਦੀ ਤਰਾਂ
ਸ਼ਾਇਦ ਨੈਟਵਰਕ ਮਾਰਕਿਟਿੰਗ ਕਰਦੀ ਹੈ
      ਲਗਾਤਾਰ ਬੋਲਦੀ
      ਉਸਦੇ ਬੋਲ ਇਸ ਤਰਾਂ ਜਿਵੇਂ
      ਸੌਣ ਲੱਗਿਆਂ ਮੱਛਰ ਲੜਦਾ ਹੈ
      ਵਾਰ ਵਾਰ ਧਿਆਨ ਉਸ ਵੱਲ ਜਾਂਦਾ
      ਅਗਲੇ ਸਟੇਸ਼ਨ ਤੇ ਉਹ ਉਤਰ ਗਈ
      ਸਿਰ ਵਿੱਚ ਵੱਜ ਰਿਹਾ ਐਗਜ਼ੌਸਟ ਫੈਨ
      ਅਚਾਨਕ ਬੰਦ ਹੋ ਗਿਆ ਹੋਵੇ ਜਿਵੇਂ

ਇੱਕ ਖੁਸਰ ਫੁਸਰ ਸੁਣਨ ਲੱਗਦੀ
       ਕੋਈ ਖ਼ੂਬਸੂਰਤ ਅਵਾਜ਼
       ਐਸੀ ਅਵਾਜ਼ ਨੂੰ ਦੇਖਣ ਲਈ

ਉਤਸੁਕਤਾ ਹੁੰਦੀ ਹੈ
ਉਸਦੀ ਟੁਟਵੀਂ ਅਵਾਜ਼ ਨੂੰ
ਫਿਕਰਿਆਂ ਵਿੱਚ ਜੋੜਨ ਦੀ ਕੋਸ਼ਿਸ਼ ਕਰਦਾਂ
ਜਿਵੇਂ ਪੰਜਾਬ ਬੰਦ ਦੇ ਦਿਨਾਂ ਦੌਰਾਨ
ਅਵਾਜ਼ ਆਉਂਦੀ ਦੀ ਬੀਬੀਸੀ ਰੇਡੀਓ ਦੀ
ਲਹਿਰ ਦੀ ਤਰਾਂ
ਕਦੇ ਸਾਫ
ਕਦੇ ਮੱਧਮ
ਕਦੇ ਅਲੋਪ

ਵਾਪਿਸ ਆਪਣੇ ਅੰਦਰ ਦੀ ਚੁੱਪ ਵੱਲ
ਪਰਤਣ ਦੀ ਕੋਸ਼ਿਸ਼ ਕਰਦਾਂ
ਕੁੱਝ ਦੇਰ ਬਾਅਦ
ਇਹ ਖ਼ੂਬਸੂਰਤ ਅਵਾਜ਼ ਵੀ ਉਤਰ ਗਈ
ਸਟੇਸ਼ਨ ਆ ਗਿਆ ਹੋਣਾ
ਚੁੱਪ ਹੋ ਗਈ
ਸ਼ਾਂਤੀ ਪਸਰ ਗਈ
ਟਰੇਨ ਦੇ ਅੰਦਰ ਐਨੀ ਚੁੱਪ!

ਨਹੀਂ ਅਵਾਜ਼ਾਂ ਅਜੇ ਵੀ ਬਹੁਤ ਨੇ
ਪਰ ਇਹ ਮੈਨੂੰ
ਪ੍ਰੇਸ਼ਾਨ ਨਹੀਂ ਕਰ ਰਹੀਆਂ

'ਇਹ ਕੀ ਹੈ?

ਮੈਂ ਆਪਣੀ ਚੁੱਪ ਨੂੰ ਪੁੱਛਦਾਂ

'ਸਾਰਾ ਸ਼ੋਰ ਪਸੰਦਾਂ ਅਤੇ ਨਪਸੰਦਾਂ ਦਾ ਹੈ
ਜਿਨ੍ਹਾਂ ਆਵਾਜ਼ਾਂ ਵਿੱਚ ਦਿਲਚਸਪੀ ਨਹੀਂ
ਉਹ ਹੋ ਕੇ ਵੀ ਨਹੀਂ ਸੁਣਦੀਆਂ
ਜਿਵੇਂ ਰੇਲਵੇ ਲਾਈਨ ਨੇੜੇ ਰਹਿਣ ਵਾਲਿਆਂ ਨੂੰ
ਟਰੇਨ ਨਹੀਂ ਸੁਣਦੀ
ਜਿਵੇਂ ਫਕੀਰਾਂ ਨੂੰ
ਦੁਨੀਆ ਨਹੀਂ ਦਿਸਦੀ"
ਅੰਦਰੋਂ ਅਵਾਜ਼ ਆਈ।
.....

## ਟਰੇਨ-ਲੋਕ

ਰੱਬ ਦੀ ਤ੍ਰਿਲੋਕੀ ਵਿੱਚ
ਅਸੀਂ ਬਣਾਇਆ
ਇਹ ਟਰੇਨ-ਲੋਕ
        ਸਭ ਕੁੱਝ ਦੌੜਿਆ ਜਾ ਰਿਹਾ
        ਜਿਵੇਂ ਦੇਵਤੇ ਸਟਾਰਟ ਕਰਕੇ ਭੁੱਲ ਗਏ ਹੋਣ
              ਜੰਮਣਾ-ਮਰਨਾ
              ਸੌਣਾ-ਜਾਗਣਾ
              ਖਾਣਾ-ਪੀਣਾ
              ਘਰੋਂ ਜਾਣਾ ਤੇ
              ਘਰ ਆਉਣਾ
          ਸਭ ਕਾਸੇ ਦੀ ਰੇਲ ਬਣੀ ਹੈ

ਮੁਹੱਬਤ ਵੀ ਫਾਸਟ ਫੂਡ ਵਰਗੀ
ਜੀਵਨ ਦੇ ਡਰਾਈਵ-ਥਰੂ ਚੋਂ ਲੰਘਦਿਆਂ
ਉਹ ਬੰਦਾ ਯਾਦ ਆਉਂਦਾ ਹੈ
ਸ਼ਹਿਰ ਜਿਸ ਦੇ ਪਿੰਡ ਤੋਂ
ਦਸ ਕੋਹ ਪੈਦਲ ਵਾਟ ਸੀ, ਅਤੇ ਜਿਸਨੂੰ
ਕਾਹਲ ਨਹੀਂ ਸੀ ਕੋਈ।
.....

**ਟਰੇਨ-ਪਲ**

ਟਰੇਨ ਦੀ ਵਿੰਡੋ ਚੋਂ ਦੁਨੀਆ ਵੱਖਰੀ ਦਿਸਦੀ ਹੈ
ਪੈਦਲ ਇਨਸਾਨ ਨਾਲੋਂ
ਜਾਂ ਖੜ੍ਹਕੇ ਦਿਸਦੇ ਦ੍ਰਿਸ਼ਾਂ ਨਾਲੋਂ

ਮੈਂ ਦੇਖੇ ਹਨ ਇਹ ਦ੍ਰਿਸ਼
ਖੜ੍ਹਕੇ ਜਾਂ ਪੈਦਲ ਚੱਲਦਿਆਂ
ਟਰੇਨ ਵਿੱਚ ਬੈਠਾ
ਇਨ੍ਹਾਂ ਨੂੰ ਉਸ ਕੋਣ ਤੋਂ ਨਹੀਂ ਦੇਖ ਸਕਦਾ।

ਵਾਹ...
ਕੈਸੀ ਭ੍ਰਾਂਤੀ ਹੈ!
ਧਰਤੀ ਇਹ ਘੁੰਮ ਰਹੀ ਹੈ
ਟਰੇਨ ਨਾਲੋਂ ਕਈ ਸੌ ਗੁਣਾ ਵੱਧ ਰਫਤਾਰ ਤੇ
ਆਪਣੀ ਧੁਰੀ ਦੁਆਲੇ
ਫੇਰ
ਸੂਰਜ ਦੁਆਲੇ
ਤੇ ਫੇਰ
ਸਾਰਾ ਸੂਰਜ ਮੰਡਲ ਕਿਸੇ ਹੋਰ ਦੁਆਲੇ।
ਸਾਰਾ ਕੁੱਝ ਹੀ ਘੁੰਮ ਰਿਹਾ ਹੈ

ਕੀ ਮੈਂ ਦੇਖ ਸਕਦਾਂ ਇਸਨੂੰ
ਰੁਕ ਕੇ    ਧਰਤੀ ਨੂੰ ਰੋਕ ਕੇ

ਧਰਤੀ ਨੂੰ ਰੋਕ ਕੇ
ਸੂਰਜ-ਮੰਡਲ ਨੂੰ ਰੋਕ ਕੇ
ਜਿਵੇਂ ਚੱਲਦੇ ਪੱਖੇ ਨੂੰ ਦੇਖਣਾ ਹੋਵੇ ਰੋਕ ਕੇ
ਪੜ੍ਹਨਾ ਹੋਵੇ ਉਨ੍ਹਾਂ ਖੰਭਾਂ ਤੇ ਲਿਖਿਆ
'ਸੇਵਾ ਕਰਾਈ ਭਾਈ ਤਾਰਾ ਸਿੰਘ ਨੇ"

.....

## ਟਰੇਨ ਸੁਪਨਾ- ਇੱਕ

ਧਰਤੀ ਦੇ ਸਟੇਅਰਿੰਗ ਤੇ ਬੈਠਾ
ਦੌੜਾਅ ਰਿਹਾ ਹਾਂ ਇਸ ਨੂੰ,
ਇਸ ਦੀ ਧੁਰੀ ਦੁਆਲੇ।

ਸਾਹਮਣੇ ਨਜ਼ਰ ਆਉਂਦਾ ਹੈ ਹਵਾ ਚ
ਧਰਤੀ ਦਾ ਸਪੀਡੋਮੀਟਰ
1000 ਮੀਲ ਪ੍ਰਤੀ ਘੰਟਾ
ਲੱਗਿਆ ਮੈਂ ਕਿਸੇ ਸਪੇਸਕਰਾਫਟ ਦਾ ਪਾਇਲਟ ਹਾਂ।

ਅਵਾਜ਼ ਆਈ
ਹੁਣ ਇਸ ਦਾ ਚੱਕਰ ਲਵਾ
ਔਹ ਸਾਹਮਣੇ ਘੁੰਮਦੇ ਸੂਰਜ ਦੁਆਲੇ
ਜਿਵੇਂ ਕੋਈ ਮਿਲਟਰੀ ਏਅਰਕਰਾਫਟ
ਕਲਾਬਾਜ਼ੀਆਂ ਕਰਦਾ ਹੈ

ਮੈਂ ਸੂਰਜ ਦੁਆਲੇ ਵੀ ਚੱਕਰ ਕੱਟਣ ਲੱਗਦਾ ਹਾਂ ਨਾਲੋ-ਨਾਲ
ਸਾਹਮਣੇ ਆਉਂਦਾ ਹੈ ਇੱਕ ਹੋਰ ਸਪੀਡੋਮੀਟਰ
67000 ਮੀਲ ਪ੍ਰਤੀ ਘੰਟਾ
ਵਾਹ ਕਿਆ ਸਪੀਡ ਹੈ

ਇੱਕ ਝਟਕਾ ਵੱਜਦਾ ਹੈ
ਮੇਰੀ ਅੱਖ ਖੁਲ੍ਹਦੀ ਹੈ

## ਟਰੇਨ ਰੁਕੀ ਹੈ  ਟੋਰਾਂਟੋ ਯੂਨੀਅਨ ਸਟੇਸ਼ਨ ਤੇ

ਆਹ ਕੀ!
ਰੁਕ ਕੇ ਵੀ
ਕਿੰਨਾ ਕੁੱਝ ਘੁੰਮ ਰਿਹਾ ਹੈ!
.....

## ਟਰੇਨ ਸੁਪਨਾ-ਦੋ

ਜੰਗਲ ਦੀ ਚੁੱਪ ਇਸ ਤਰਾਂ
ਜਿਵੇਂ ਅਸਮਾਨ ਚੋਂ ਹਵਾ ਕੱਢ ਲਈ ਗਈ ਹੋਵੇ
ਪੱਤੇ ਦੇ ਤਿੜਕਣ ਦੀ ਅਵਾਜ਼ ਸੁਣਦੀ ਹੈ
ਜਿਵੇਂ ਅਵਾਜ਼ ਦੀਆਂ ਤਰੰਗਾਂ
ਮਾਈਕਰੋ-ਸਕੋਪ ਨਾਲ ਦੇਖ ਰਹੇ ਹੋਈਏ
ਪਿੱਠ ਨੂੰ ਮੋੜਿਆਂ ਪਤਾ ਨਹੀਂ ਕਿੰਨੇ ਸਾਲ ਹੋ ਗਏ
ਜਿਸਮ ਅੰਦਰ ਦਰਦ ਦਾ ਹੜ੍ਹ
ਸੰਭਾਲਣਾ ਮੁਸ਼ਕਲ ਹੋ ਰਿਹਾ

ਸੋਚਦਾਂ
ਹਾਰ ਮੰਨ ਲਵਾਂ
ਜਿਸਮ ਦੇ ਦਰਦ ਨਾਲ ਲੜਨਾ ਬੰਦ ਕਰ ਦੇਵਾਂ
ਅਜਿਹੀ ਤਪੱਸਿਆ ਦਾ ਕੀ ਫਾਇਦਾ ਹੈ
ਮੇਰੇ ਜਿਸਮ ਦੀ ਪੀੜ ਨਾਲ
ਆਤਮਾ ਨੂੰ ਕੀ ਫਾਇਦਾ ਹੋਵੇਗਾ
ਬ੍ਰਹਮ ਚੇਤਨਾ ਨੂੰ ਕੀ ਮਿਲੇਗਾ

ਸੋਚਦਾਂ
ਸਭ ਝੂਠ ਹੈ
ਲੇਟ ਜਾਂਦਾ ਹਾਂ
ਇਸ ਜੰਗਲ ਦਾ ਤਿਆਗ ਕਰਕੇ
ਵਾਪਿਸ ਚਲਾ ਜਾਵਾਂਗਾ

ਅੰਦਰੋਂ ਅਵਾਜ਼ ਆਉਂਦੀ ਹੈ
"ਜਿਸਮ ਨਾਲ ਨਾ ਲੜ
ਇਹ ਪੀੜ ਜਿਸਮ ਚੋਂ ਥੋੜ੍ਹਾ ਆ ਰਹੀ
ਇਹ ਤੇਰੇ ਮਨ ਦੀ ਪੀੜ ਹੈ
ਜਿਸਮ ਤਾਂ ਸਿਰਫ ਪਸਾਰ ਹੈ
ਤੇਰੇ ਮਨ ਦਾ।
ਜੇ ਪੀੜ ਨੂੰ ਰੋਕਣਾ ਹੈ ਤਾਂ
ਇਸ ਮਨ ਨੂੰ ਰੋਕ।
ਇੱਥੋਂ ਭੱਜਕੇ ਤਨ ਦੀ ਪੀੜ
ਰੋਕ ਲਵੇਂਗਾ
ਪਰ ਮੌਤ ਦੀ ਪੀੜ ਤੋਂ
ਕਿਵੇਂ ਭੱਜੇਂਗਾ?
ਜੀਵਨ ਦੇ ਦੁੱਖ ਤੋਂ ਕਿਵੇਂ ਬਚੇਂਗਾ?
ਆਪਣੇ ਮਨ ਨੂੰ ਰੋਕ!"

ਇਕ ਜੋਰ ਦੇ ਹਲੂਣੇ ਨਾਲ
ਮੇਰੀ ਅੱਖ ਖੁੱਲ੍ਹ ਗਈ।
ਟਰੇਨ ਪਹਿਲੇ ਸਟੇਸ਼ਨ ਤੇ ਰੁਕੀ ਸੀ।
.....

## ਟਰੇਨ ਸੁਪਨਾ-ਤਿੰਨ

ਟਰੇਨ ਯੁੱਗ ਬੀਤ ਗਿਆ
ਰੱਬ ਨੇ ਨਰਕ ਭੰਗ ਕਰ ਦਿੱਤਾ ਹੈ
ਸਾਰੇ ਨਰਕਵਾਸੀ
ਗਣਤੰਤਰ ਦਿਵਸ ਤੇ ਰਿਹਾਅ ਕਰ ਦਿੱਤੇ ਗਏ
ਬਾਰਡਰ ਸਾਰੇ
ਰਿਟਾਇਰ ਹੋ ਚੁੱਕੇ ਹਨ
    ਕਿਲ੍ਹਿਆਂ ਦੀ ਤਰਾਂ
    ਹਲਟਾਂ ਦੀ ਤਰਾਂ
ਫੌਜੀ ਜਰਨੈਲ ਚਲਾਉਂਦੇ ਹਨ ਸੀਨੀਅਰ ਹੋਮ

ਡੌਨਲਡ ਟਰੰਪ ਨੇ ਅੰਮ੍ਰਿਤ ਛਕ ਲਿਆ ਹੈ
        ਕਾਰ ਸੇਵਾ ਵਾਲੇ ਸੰਤਾਂ ਦਾ ਚੇਲਾ ਹੈ ਅੱਜਕੱਲ੍ਹ
ਪੂਤਿਨ, ਬੁਢਾਪਾ ਪੈਨਸ਼ਨ ਤੇ ਗੁਜ਼ਾਰਾ ਕਰਦਾ ਹੈ
ਮੋਦੀ ਸਾਹਬ ਕਦੋਂ ਦੇ ਨੌਕਰੀ ਛੱਡ ਚੁੱਕੇ ਹਨ
ਅਹਿਮਦਾਬਾਦ ਚ ਪਤੰਗ ਵੇਚਦੇ ਹਨ

ਕਰੋੜਾਂ ਦਾ ਨਰਵਸ-ਸਿਸਟਮ ਬਰਬਾਦ ਕਰਕੇ
ਸਟੀਵ ਜੌਬ ਦੀ ਖਿਡਾਉਣਾ ਫੈਕਟਰੀ ਬੰਦ ਹੋ ਚੁੱਕੀ ਹੈ
ਨਰਕਾਂ ਤੋਂ ਰਿਹਾਈ ਬਾਅਦ ਅਜੱਕੱਲ੍ਹ ਉਹ
ਕਸੌਲੀ ਵਾਲੀ ਸੜ੍ਹਕ ਕੰਢੇ
ਉੱਬਲੇ ਹੋਏ ਅੰਡੇ ਵੇਚਦਾ ਹੈ

ਕਰੋੜਾਂ ਨੂੰ ਬਿਜ਼ੀ ਕਰਨ ਵਾਲਾ
ਜ਼ੁਕਰਬਰਗ ਅੱਜਕੱਲ੍ਹ ਖ਼ੁਦ ਵਿਹਲਾ ਹੈ
ਸੰਤਾਂ ਤੋਂ ਨਾਮ ਲੈ ਲਿਆ ਹੈ
ਸਾਰਾ ਦਿਨ ਧੰਨ-ਧੰਨ ਕਹਿੰਦਾ ਹੈ
ਅਫਗਾਨਿਸਤਾਨ ਚ ਫੁੱਲਾਂ ਦੀ ਖੇਤੀ ਹੁੰਦੀ ਹੈ
ਤਾਲਿਬਾਨ ਕਮਾਂਡਰ ਬੁੱਢੇ ਹੋ ਗਏ ਹਨ
ਖੇਤਾਂ ਦੀ ਰਾਖੀ ਬੈਠੇ
ਦੇਖ ਰਹੇ ਹਨ ਪੋਤਿਆਂ ਨੂੰ
ਪਤੰਗ ਉਡਾਉਂਦੇ ਹੋਏ
ਆਪਣੇ ਬਚਪਨ ਨੂੰ ਯਾਦ ਕਰਦੇ ਹਨ
ਉਨ੍ਹਾਂ ਦੀ ਅੱਖਾਂ ਵਿੱਚ ਅੱਥਰੂ ਹਨ

ਇੰਡੀਆ ਵਿੱਚ ਰਿਸ਼ੀਆਂ ਦਾ ਰਾਜ ਹੈ
ਅਰਬ ਵਿਚ ਤੇਲ ਦੀ ਥਾਂ
ਪਾਣੀ ਨਿਕਲਦਾ ਹੈ
ਅਫਰੀਕਾਂ ਵਿੱਚ ਅੰਬਾਂ ਦੇ ਬਾਗ ਹਨ
ਚਾਰੇ ਪਾਸਿਓਂ
ਕੋਇਲਾਂ ਦੀਆਂ ਅਵਾਜ਼ਾਂ ਆ ਰਹੀਆਂ ਹਨ

ਇੱਕ ਝਟਕੇ ਨਾਲ ਮੇਰੀ ਅੱਖ ਖੁਲ੍ਹਦੀ ਹੈ
ਟਰੇਨ ਰੁਕੀ ਹੈ
" ਸਟੇਸ਼ਨ ਆ ਗਿਆ?"
ਮੈਂ ਨਾਲ ਦੇ ਨੂੰ ਪੁੱਛਿਆ।
"ਅਜੇ ਨਹੀਂ"।
.....

## ਟਰੇਨ ਸੁਪਨਾ-ਚਾਰ

ਪੰਜਾਬ ਰੋਡਵੇਜ਼ ਦੀਆਂ ਬੱਸਾਂ
ਖਿੜਕੀ ਦਾ ਸ਼ੀਸ਼ਾ ਖੋਲ੍ਹਣ ਲਈ
ਜੂਝਦੀ ਕੋਈ ਸੁਆਰੀ
ਸਾਈਡਾਂ ਤੋਂ ਅੰਦਰ ਵੱਲ ਨੂੰ ਖਿੱਚਕੇ
ਦੋ ਨੌਬਾਂ ਨਾਲ
ਉੱਪਰ ਚੁੱਕਣ ਦੀ ਕੋਸ਼ਿਸ਼ ਕਰਦਾ ਕੋਈ

ਇਹ ਸ਼ੀਸ਼ੇ ਐਨੇ ਸੌਖੇ ਨਹੀਂ ਸਨ ਖੁੱਲ੍ਹਦੇ।
“ਇਹ ਕੌਅ ਨਾਲ ਖੁੱਲ੍ਹਦੇ,
ਜੋਰ ਨਾਲ ਨਹੀਂ ”
ਨਾਲ ਬੈਠਾ ਇੱਕ ਅਨੁਭਵੀ ਬੰਦਾ ਬੋਲਿਆ
“ਕੌਅ ਕੀ ਹੁੰਦਾ ਹੈ?” ਖੋਲ੍ਹਣ ਵਾਲੇ ਨੇ ਪੁੱਛਿਆ
“ਕੌਅ ਜੁਗਤ ਨੂੰ ਕਹਿੰਦੇ ਨੇ”
“ਸ਼ੀਸ਼ਾ ਵੀ ਜੁਗਤ ਨਾਲ ਖੁਲ੍ਹਦਾ
ਮਨ ਵੀ”
ਉਹ ਬੋਲਦਾ ਗਿਆ:
   “ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਦਾ
   ਟੇਡੀ ਸਪੇਸ ਵਿੱਚ ਸਿੱਧਾ ਤੀਰ ਨਹੀਂ ਚੱਲਦਾ
   ਬੈਕਟੀਰੀਆ ਬੰਦੂਕਾਂ  ਨਾਲ ਨਹੀਂ ਮਰਦਾ
   ਮਨ ਦਾ ਪਰਦਾ ਵੀ ਚੁੱਕ ਨਹੀਂ ਹੁੰਦਾ ਸ਼ਟਰ ਵਾਂਗ”

ਮੇਰਾ ਧਿਆਨ ਵਾਪਿਸ ਟਰੇਨ ਵਿੱਚ ਆ ਗਿਆ
ਵਿੰਡੋ ਵਿਚ ਦਰਖਤ ਪਿੱਛੇ ਭੱਜ ਰਹੇ ਸਨ।
.....

## ਸੁਪਨੇ ਅੰਦਰ ਸੁਪਨਾ

ਅੱਖ ਖੁੱਲ੍ਹੀ
ਦੇਖਦਾਂ-
ਮੈਂ ਟਰੇਨ ਵਿਚ ਬੈਠਾਂ
ਸਾਰਾ ਪਰਿਵਾਰ ਬੈਠਾ
ਦੋਸਤ ਮਿੱਤਰ ਸਾਰੇ
ਕਿਸੇ ਯਾਤਰਾ ਤੇ ਚੱਲੇ ਹਾਂ
ਪਤਾ ਨਹੀਂ ਕਿੱਥੇ
ਕਿਸੇ ਨੂੰ ਪੁੱਛਣ ਦੀ ਹਿੰਮਤ ਵੀ ਨਹੀਂ ਹੋਈ
ਇਕ ਸਟੇਸ਼ਨ ਆਇਆ-
ਬਾਬਾ-ਅੰਮਾਂ ਉਤਰ ਗਏ
ਟਰੇਨ ਚੱਲਦੀ ਰਹੀ

ਇੱਕ ਹੋਰ ਸਟੇਸ਼ਨ ਆਇਆ
ਮਾਂ-ਬਾਪ ਉਤਰ ਗਏ
ਟਰੇਨ ਚੱਲਦੀ ਰਹੀ

ਕੁੱਝ ਦੋਸਤ
ਕੁੱਝ ਸਕੇ-ਸੰਬੰਧੀ
ਵਾਰੋ-ਵਾਰੀ
ਸਭ ਉਤਰੀ ਜਾ ਰਹੇ ਹਨ

ਜਾ ਇਕੱਠੇ ਰਹੇ ਹਾਂ ਪਰ

ਸਭ ਦੇ ਸਟੇਸ਼ਨ
ਵੱਖਰੇ-ਵੱਖਰੇ
ਮੈਂ ਆਪਣੇ ਮਨ ਚ ਸੋਚਦਾਂ

ਅਚਾਨਕ ਝਟਕੇ ਨਾਲ
ਅੱਖ ਖੁੱਲ੍ਹਦੀ ਹੈ
ਮੇਰਾ ਸਟੇਸ਼ਨ ਆ ਗਿਆ
ਜਿਸ ਨੂੰ ਮੈਂ ਜਾਗ ਸਮਝ ਰਿਹਾ ਸਾਂ
ਉਹ ਵੀ ਸੁਪਨਾ ਸੀ!
.....

**ਭ੍ਰਾਂਤੀ**

ਉਹ ਕੋਈ ਖ਼ੂਬਸੂਰਤ ਮੌਜੂਦਗੀ ਸੀ
        ਹਵਾ ਜਿਵੇਂ ਛੂਹ ਰਹੀ ਹੋਵੇ
        ਹੌਲੀ ਹੌਲੀ
        ਮਖਮਲੀ ਖੰਭਾਂ ਨਾਲ
        ਜਿਵੇਂ ਹਵਾ ਜਾਗਦੀ ਹੋਵੇ
        ਜਿਵੇਂ ਕਿਸੇ ਨੇ ਕੁੱਝ ਕਿਹਾ ਹੋਵੇ
        ਹੌਲੀ ਜਿਹੇ

ਅਵਾਜ਼-
ਜਿਵੇਂ ਵੀਨਸ ਤੋਂ ਆ ਰਹੀ ਹੋਵੇ

ਜਿਸਮ ਬਣਿਆ ਸੀ
ਸਪੇਸ-ਸਮੱਗਰੀ ਦਾ
ਜਿਵੇਂ ਤਰਲ ਰੌਸ਼ਨੀ ਨੂੰ ਛੂਹਣਾ ਹੋਵੇ
                                ਅੱਖਾਂ ਨਾਲ

ਐਸੀ ਮੌਜੂਦਗੀ ਵਿੱਚ
ਬੰਦਾ ਮੌਤ ਨੂੰ ਕਹਿ ਦਿੰਦਾ
ਥੋੜ੍ਹੀ ਦੇਰ ਹੋਰ ਰੁਕ ਜਾ

ਮੈਂ ਮੌਤ ਨੂੰ ਰੋਕਣ ਲਈ ਹੱਥ ਚੁੱਕਿਆ
ਨਾਲ ਵਾਲੀ ਸੁਆਰੀ ਦੇ ਵੱਜਿਆ

ਕਾਲੀ ਔਰਤ ਨੇ
ਮੇਰੇ ਵੱਲ ਇਸ ਤਰਾਂ ਦੇਖਿਆ
ਜਿਵੇਂ ਮੈਂ ਪਾਗਲ ਹੋਵਾਂ

ਟਰੇਨ-ਜਨਮ ਦੇ ਵੀ
ਕੀ ਕੀ ਰੰਗ ਹਨ!
.....

**ਰੇਲ ਲਾਈਨ**

ਰੇਲ ਲਾਈਨ ਦੇ ਮੋੜ ਸਿਰਫ ਦੂਰੋਂ ਦਿਸਦੇ
ਜੀਵਨ ਦੇ ਮੋੜਾਂ ਵਾਂਗ
ਧਰਤੀ ਤੇ ਖੜ੍ਹੇ ਨੂੰ ਪਤਾ ਨਹੀਂ ਲੱਗਦਾ ਜਿਵੇ
ਕਿ ਇਹ ਗੋਲ ਹੈ।
ਬੰਦੇ ਦੀ ਜਿਵੇਂ ਉਮਰ ਮੁੜਦੀ ਹੈ
ਹੌਲੀ ਹੌਲੀ
ਪਤਾ ਨਹੀਂ ਲੱਗਦਾ
ਬਚਪਨ ਕਦੋਂ ਜਵਾਨੀ ਬਣ ਗਿਆ
ਜਵਾਨੀ ਕਦੋਂ ਘੁੰਮ ਗ਼ਈ ਪੱਕੀ ਉਮਰ ਚ
ਤੇ ਕਦੋਂ ਉਤਰ ਆਇਆ
ਬੁਢਾਪਾ।

ਗੱਲਾਂ ਗੱਲਾਂ ਵਿੱਚ
ਪਤਾ ਹੀ ਨਹੀਂ ਲੱਗਦਾ
ਕਦੋਂ ਆ ਜਾਂਦਾ ਹੈ ਸਟੇਸ਼ਨ
ਬੰਦੇ ਨੂੰ ਜਿਵੇਂ
ਅਚਾਨਕ ਅਹਿਸਾਸ ਹੁੰਦਾ ਹੈ ਉਮਰ ਦਾ
ਕਿ ਇਹ ਤਾਂ ਬੀਤ ਚੱਲੀ।
.....

## ਟਰੇਨਾਂ ਕਿਤੇ ਨਹੀਂ ਜਾਂਦੀਆਂ

ਟਰੇਨਾਂ ਕਿਤੇ ਨਹੀਂ ਜਾਂਦੀਆਂ
ਉਨ੍ਹਾਂ ਹੀ ਰਾਹਾਂ ਤੇ ਘੁੰਮਦੀਆਂ ਰਹਿੰਦੀਆਂ
ਕਦੇ ਇੱਕ ਦਿਸ਼ਾ ਵਿੱਚ
ਕਦੇ ਦੂਜੀ ਵਿੱਚ
ਆਤਮਾਵਾਂ ਦੀ ਤਰਾਂ
ਜਾਮੇ ਬਦਲਦੀਆਂ
ਟਰੇਨਾਂ ਉਹੀ ਹਨ
ਸਟੇਸ਼ਨ ਵੀ
ਚਿਹਰੇ ਬਦਲਦੇ ਹਨ

ਟਰੇਨਾਂ ਕਿਤੇ ਨਹੀਂ ਜਾਂਦੀਆਂ

ਤੁਰਕੇ ਵੀ
ਇਹ ਸਫਰ ਨਹੀਂ ਹੋ ਰਿਹਾ
ਤੁਰਨ ਦਾ ਭੁਲੇਖਾ ਪੈ ਰਿਹਾ ਹੈ
ਜਿਵੇਂ ਐਸਕਲੇਟਰ ਤੇ
ਕੋਈ ਉਲਟਾ ਤੁਰ ਰਿਹਾ ਹੋਵੇ

ਟਰੇਨਾਂ ਖੜ੍ਹੀਆਂ ਹਨ
ਦਰਖਤ ਦੌੜ ਰਹੇ ਹਨ
ਧਰਤੀ ਘੁੰਮ ਰਹੀ ਹੈ
ਆਪਣੀ ਧੁਰੀ ਦੁਆਲੇ

ਘੁੰਮਦੀ ਧਰਤੀ ਤੇ
ਟਰੇਨ ਜਾ ਰਹੀ ਹੈ

ਟਰੇਨ ਕਿਤੇ ਵੀ ਨਹੀਂ ਜਾ ਰਹੀ
ਸਿਰਫ ਦਰਖਤ ਦਿਸ ਰਹੇ ਹਨ
ਪਿੱਛੇ ਵੱਲ ਦੌੜਦੇ ਹੋਏ
ਜਿਵੇਂ ਆਤਮਾ ਨੂੰ
ਮੌਤ ਅਤੇ ਜਨਮ ਨਾਲ ਬਦਲਦੇ
ਜਿਸਮ ਦਿਸ ਰਹੇ ਹਨ

**ਅਵਾਜ਼ਾਂ**

ਟਰੇਨ ਦੀਆਂ ਅਵਾਜ਼ਾਂ ਚੁਭਦੀਆਂ ਕਈ ਵਾਰ
ਜਿਵੇਂ ਕੋਈ ਲਹੌਰੀਆ ਪੰਜਾਬੀ ਲਹਿਜ਼ੇ ਵਿੱਚ ਉਰਦੂ ਬੋਲਦਾ ਹੈ
ਜਿਵੇਂ ਇੰਡੀਆ ਦਾ ਕੋਈ ਸਰਕਾਰੀ ਮੁਲਾਜ਼ਮ
ਬੌਸ ਨੂੰ ਸਰ ਕਹਿੰਦਾ ਹੈ
-ਵਾਕ ਦੇ ਅੱਗੇ
-ਵਿਚਾਲੇ ਤੇ ਪਿੱਛੇ
ਅਜਿਹੇ ਵੇਲੇ ਸ਼ਬਦਾਂ ਤੇ ਵੀ ਤਰਸ ਆਉਣ ਲੱਗਦਾ ਹੈ

ਅੱਖਾਂ ਬੰਦ ਕਰਦਾਂ
ਸੋਚਦਾਂ ਅੱਖਾਂ ਮੀਚ ਲਵਾਂ ਸ਼ਬਦਾਂ ਤੋਂ
ਕੰਨਾਂ ਵਿੱਚ ਅਵਾਜ਼ ਗੂੰਜਦੀ ਹੈ
ਕੋਈ ਫਿਲਮੀ ਗਾਣਾ ਹੈ
ਜਿਵੇਂ ਅਜਿਹੇ ਗੀਤਾਂ ਬਿਨਾਂ ਇਨਸਾਨ ਦੀ ਗਤੀ ਨਾ ਹੋਣੀ ਹੋਵੇ

ਕਈ ਸੰਗੀਤਕਾਰ
ਸਾਜ਼ ਇਸ ਤਰਾਂ ਚਲਾਉਂਦੇ
ਜਿਵੇਂ ਕੋਈ ਝੱਲੀ ਔਰਤ
ਕਿਚਨ ਦਾ ਅਗਜ਼ੌਸਟ ਫੈਨ ਚਲਾਉਂਦੀ ਹੈ

ਜਾਂ ਕਿਸੇ ਟੈਕਸੀ ਵਾਲੇ ਨੇ
ਅੰਮ੍ਰਿਤ ਵੇਲੇ ਚਮਕੀਲਾ ਲਾਇਆ ਹੋਵੇ

ਜਾਂ ਸਵੇਰੇ ਸਵੇਰੇ ਬੰਦੀ ਦੀ ਅੱਖ ਖੁੱਲ੍ਹੇ
ਕੁੱਕਰ ਦੀ ਸੀਟੀ ਨਾਲ ਜਾਂ ਕਿਸੇ ਕਲਾਕਾਰ ਨੂੰ
ਦਹੇਜ ਵਿੱਚ ਮੱਝਾਂ ਮਿਲਣ
ਲੰਬੇ-ਲੰਬੇ ਸਿੰਗਾਂ ਵਾਲੀਆਂ
ਉਹ ਚਿਤਰ ਬਣਾਉਣ ਬੈਠੇ
ਮੱਝਾਂ ਖੁਰਲੀ ਨਾਲ ਸਿੰਗ ਖੜਕਾਉਣ
'ਟੱਕ-ਟੱਕ-ਟੱਕ..."

ਅਵਾਜ਼ਾਂ ਦੇ ਅਜਿਹੇ ਸ਼ੋਰ ਚੋ
ਕਹਿੰਦੇ ਚੁੱਪ ਦੀ ਤਲਾਸ਼ ਕਰਨੀ ਹੈ
ਗ੍ਰਹਿਸਥ ਚੋਂ
ਮਾਰਗ ਲੱਭਣਾ ਹੋਵੇ।

## ਸੁਆਰੀਆਂ

ਮਿਲੇ ਹਾਂ ਤਾਂ ਕੋਈ ਗੱਲ ਕਰੀਏ
ਉਤਰ ਤਾਂ ਸਭ ਨੇ ਜਾਣਾ ਹੈ
ਆਖਰ ਤੁਸੀਂ ਮੇਰੇ ਨਾਲ ਬੈਠੇ ਹੋ
ਵਿਛੜ ਤਾਂ ਸਭ ਨੇ ਜਾਣਾ ਹੈ

ਰੂਹਾਂ ਦੇਖੋ ਕਿੱਥੋਂ ਕਿੱਥੋਂ ਆਉਂਦੀਆਂ ਨੇ ਚੱਲਕੇ

ਚਾਰ ਘੜੀਆਂ ਦਾ ਤਾਂ ਸਫਰ ਹੈ
ਜਿਵੇਂ ਬੰਦਾ ਧਰਤੀ ਤੇ ਜਨਮ ਲੈਂਦਾ
ਰਿਸ਼ਤੇ ਬਣ ਜਾਂਦੇ ਨੇ
ਸੀਟਾਂ ਮੱਲ ਲੈਂਦੇ ਨੇ
ਨਾਲ ਬੈਠੇ
ਆਪਣੇ ਲੱਗਦੇ ਹਨ
ਇਸ ਜਨਮ ਦੇ ਪਰਿਵਾਰ
ਕਈ ਸੁਆਰੀਆ
ਚੰਗੀਆਂ ਲੱਗਦੀਆਂ ਨੇ ਬੜੀਆਂ
ਜਿਵੇਂ ਪਿਛਲੇ ਜਨਮ ਤੋਂ
ਉਨ੍ਹਾਂ ਨੂੰ ਜਾਣਦੇ ਹੋਈਏ
ਜਿਵੇਂ ਜਨਮਾਂ-ਜਨਮਾਂ ਦੇ
ਸਾਥ ਹੁੰਦੇ ਹਨ
ਕਈ ਬੈਠੇ ਰਹਿੰਦੇ ਹਨ ਚੁੱਪ ਚਾਪ
ਜਿਵੇਂ ਰੱਬ ਨਾਲ ਲੜਕੇ ਆਏ ਹੋਣ
ਗੱਲਾਂ ਕਰੀਏ ਤਾਂ ਸਫਰ ਚੰਗਾ ਲੰਘਦਾ ਹੈ
ਉਤਰ ਤਾਂ ਸਭ ਨੇ ਜਾਣਾ ਹੈ

## ਲੋਹਾ ਵੀ ਥੱਕ ਜਾਂਦਾ ਹੈ

ਲੋਹਾ ਵੀ ਥੱਕਦਾ ਹੈ
ਜਿਵੇਂ ਚਹਿਲ-ਪਹਿਲ ਕਰਦੇ
ਕਿਲ੍ਹੇ ਥੱਕ ਗਏ
ਪਿਰਾਮਿਡ ਥੱਕ ਗਏ
ਜਿਵੇਂ ਥੱਕ ਜਾਂਦੇ ਨੇ ਸਾਹ ਬੰਦੇ ਦੇ।

ਬਾਰਡਰ ਵੀ ਥੱਕ ਜਾਣਗੇ
ਟਰੇਨਾਂ ਵੀ
ਜਹਾਜ਼ ਵੀ
ਤੁਫਾਨ ਵੀ ਥੱਕ ਜਾਂਦੇ ਹਨ
ਕੰਧਾਂ ਨਾਲ ਵੱਜ ਵੱਜ ਕੇ
ਸਿਤਮ ਵੀ ਥੱਕ ਜਾਂਦੇ ਨੇ ਆਖਰ
ਜਿਵੇਂ ਉਮੀਦ ਥੱਕ ਜਾਂਦੀ ਹੈ
ਗ੍ਰਹਿ ਵੀ ਥੱਕ ਜਾਣਗੇ
ਘੁੰਮ-ਘੁੰਮ ਕੇ
ਜਿਵੇਂ ਮੈਂ ਥੱਕ ਗਿਆਂ

ਇਹ ਟਰੇਨਾਂ ਰੁਕ ਜਾਣਗੀਆਂ
ਖ਼ੁਦਾ ਵੀ ਬੋਰ ਹੋ ਜਾਵੇਗਾ
ਆਪਣੀ ਲੀਲ੍ਹਾ ਤੋਂ
ਅਸੀਂ ਜੋ ਖੇਡਣ ਨਿਕਲੇ ਸੀ
ਆਪਣਾ ਰਾਹ ਭੁੱਲ ਗਏ
ਘਰ ਬੁਲਾ ਲਏਗਾ
ਸਾਨੂੰ ਜੁਆਕਾਂ ਨੂੰ।

## ਛੋਟੀ ਟਰੇਨ

ਛੋਟੀ ਟਰੇਨ
ਪਿਆਰੀ ਲੱਗਦੀ ਹੈ
ਬਲੂੰਗੜੇ ਦੀ ਤਰਾਂ
ਛੋਟੇ ਜਿਹੇ ਪੱਪੀ ਦੀ ਤਰਾਂ
ਇਸ ਤੇ ਬੈਠੇ, ਕਿਲਕਾਰੀਆਂ ਮਾਰਦੇ ਬੱਚੇ ਦੇਖਕੇ ਲੱਗਦਾ
ਰੱਬ ਜਿਵੇਂ ਲੀਲ੍ਹਾ ਦੇਖ ਰਿਹਾ ਹੋਵੇ

ਉਸ ਛੋਟੀ ਟਰੇਨ ਦੇ ਸਾਹਮਣੇ
ਆਹ ਟਰੇਨ ਕਿੰਨੀ ਵੱਡੀ
ਇਸ ਤਰਾਂ ਲੱਗਦਾ
ਜਿਵੇਂ ਦੈਂਤ ਦੇ ਪੈਰਾਂ ਕੋਲ ਖੜ੍ਹੇ ਹੋਈਏ
ਕਈ ਕਿਲੋਮੀਟਰ ਲੰਬਾ ਲੋਹਾ
ਤੁਰਦਾ ਹੋਵੇ
ਦਿਓ ਦੀ ਤਰਾਂ
ਤੇ ਮੈਂ ਇਸ ਦਿਓ ਦੀ ਸੁਆਰੀ

ਪਰ ਸੋਚਦਾਂ-
ਅਸਮਾਨ ਵਿਚ ਬੈਠੇ ਦੇਵਤਿਆਂ ਨੂੰ
ਇਹ ਟਰੇਨ ਵੀ ਛੋਟੀ ਜਿਹੀ ਲੱਗਦੀ ਹੋਵੇਗੀ
ਜਿਵੇਂ ਰੱਬ ਨੂੰ ਧਰਤੀ ਲੱਗਦੀ ਹੈ
  ਨਿੱਕੀ ਜਿਹੀ
  ਗੋਲ-ਮਟੋਲ
ਬੰਦੇ ਲੱਗਦੇ ਹੋਣਗੇ
    ਪਿਆਰੇ ਪਿਆਰੇ

ਠੁਮਕ-ਠੁਮਕ ਤੁਰਦੇ
ਭੰਬੀਰੀਆਂ ਉਡਾਉਂਦੇ
ਪਟਾਕੇ ਚਲਾਉਂਦੇ
ਨਿਆਣਿਆਂ ਦੀ ਤਰਾਂ ਲੜਦੇ
ਨਿੱਕੇ ਨਿੱਕੇ ਹਿਟਲਰ ਸ਼ਰਾਰਤੀ ਬੱਚਿਆਂ ਵਰਗੇ

ਅਸਮਾਨ ਚੋਂ ਮੇਰੀ ਟਰੇਨ ਵੀ
ਛੋਟੀ ਲੱਗਦੀ ਹੋਵੇਗੀ
ਪਿਆਰੀ ਪਿਆਰੀ

ਚੀਜ਼ਾਂ ਨੂੰ ਪਿਆਰ ਕਰਨ ਲਈ
ਕੀ ਸਿਰਫ ਕੋਣ ਬਦਲਣਾ ਪੈਂਦਾ ਹੈ?

## ਅੰਦਰ ਦੀ ਦੌੜ

ਅੱਖਾਂ ਬੰਦ ਕਰਕੇ
ਟਰੇਨ ਦੀ ਰਫਤਾਰ ਦਾ ਅੰਦਾਜ਼ਾ ਨਹੀਂ ਲੱਗਦਾ
ਰਫਤਾਰ ਜਿਵੇਂ ਸਿਰਫ ਦਿਸਣ ਵਾਲੀ ਚੀਜ਼ ਹੋਵੇ;
ਰੰਗਾਂ ਦੀ ਖੇਡ।

ਮਨ ਨੂੰ ਰਫਤਾਰ ਦਾ ਪਤਾ ਨਹੀਂ ਲੱਗਦਾ
ਮਨ ਮਹਿਸੂਸ  ਨਹੀਂ ਕਰਦਾ,
ਦੌੜ ਰਹੀ ਧਰਤੀ।

ਧਰਤੀ ਖੜ੍ਹੀ ਹੈ
ਟਰੇਨ ਦੌੜ ਰਹੀ ਹੈ, ਅੱਖਾਂ ਲਈ।
ਟਰੇਨ ਵਿੱਚ ਹਰਕਤ ਹੈ, ਸਿਰਫ ਜਿਸਮ ਲਈ
ਮਨ ਵਿੱਚ ਉਤਰਕੇ ,
ਟਰੇਨ ਖੜ੍ਹੀ ਲੱਗਦੀ ਹੈ, ਧਰਤੀ ਵਾਂਗ।

ਇਹ ਉਪਨਿਸ਼ਦ
ਮੈਂ ਟਰੇਨ ਤੋਂ ਸਿੱਖਿਆ ਹੈ

## ਬੱਚਾ

ਪਿਓ ਦੇ ਮੋਢਿਆਂ ਤੇ ਬੈਠਾ ਬੱਚਾ
ਦੇਖ ਰਿਹਾ ਹੈ ਟਰੇਨ
ਜਿਵੇਂ ਸਾਧੂ ਕੋਈ
ਕਾਇਨਾਤ ਨੂੰ ਦੇਖ ਰਿਹਾ ਹੋਵੇ--

ਕਿੰਨੀ ਵੱਡੀ ਸੁੰਡੀ
ਕਿੰਨੇ ਪੈਰਾਂ ਵਾਲੀ
ਕਿੰਨੀਆਂ ਅੱਖਾਂ ਵਾਲੀ
ਤੇਜ਼ ਤੇਜ਼ ਦੌੜੇ !

ਬੱਚਾ ਨਹੀਂ ਸੋਚਦਾ ਕਿ
ਇਹ ਕੀ ਹੈ?
ਕਿਉਂ ਦੌੜ ਰਹੀ ਹੈ
ਕਿਥੋਂ ਆਈ ਹੈ
ਕਿੱਥੇ ਜਾਣਾ ਹੈ?

ਬੱਚੇ ਦੇ ਮਨ ਲਈ
ਹੈਰਾਨੀ ਹੀ ਸਭ ਤੋਂ ਵੱਡਾ ਸੁਆਲ
ਬੱਚਾ ਸਿਰਫ ਹੈਰਾਨ ਹੁੰਦਾ ਹੈ:

ਕਿੰਨੀ ਵੱਡੀ ਸੁੰਡੀ!

ਜਿਵੇਂ ਕੋਈ ਸਾਧੂ
ਕਾਇਨਾਤ ਨੂੰ ਦੇਖ ਰਿਹਾ ਹੋਵੇ!

## ਸਭ ਨੇ ਉਤਰ ਜਾਣਾ

ਸਭ ਨੇ ਉਤਰ ਜਾਣਾ ਹੈ
ਆਤਮਾਵਾਂ ਜਿਵੇਂ ਉਤਰ ਜਾਂਦੀਆਂ ਨੇ
ਜਿਸਮਾਂ ਚੋਂ
ਸੁਆਰੀਆਂ ਉਤਰਦੀਆਂ ਨੇ
ਜੀਵਨ ਦੇ ਤਮਾਸ਼ੇ ਚੋਂ
ਸਾਥੀ ਕਿਰਦੇ ਹਨ
ਰਿਸ਼ਤਿਆਂ ਦੀ ਖੇਡ ਚੋਂ

ਇਨ੍ਹਾਂ ਸੁਆਰੀਆਂ ਨੇ ਵੀ ਉਤਰ ਜਾਣਾ ਹੈ

ਕੋਈ ਚੜ੍ਹਦਾ ਹੈ ਕਾਹਲੀ ਕਾਹਲੀ
ਤੇ ਖੜ੍ਹਾ ਖੜ੍ਹਾ ਹੀ
ਅਗਲੇ ਸਟੇਸ਼ਨ ਤੇ ਉਤਰ ਜਾਂਦਾ ਹੈ
ਜਿਵੇਂ ਕਿਸੇ ਨੂੰ ਮਰਨ ਦੀ ਕਾਹਲ ਹੁੰਦੀ ਹੈ

ਕਈ ਬੈਠੇ ਹਨ
ਜਿਵੇਂ ਕਦੇ ਉਤਰਨਾ ਹੀ ਨਾ ਹੋਵੇ
ਤੇ ਸਟੇਸ਼ਨ ਆਉਣ ਤੇ
ਹਫੜਾ-ਦਫੜੀ ਮਚਾ ਦਿੰਦੇ
ਡਾਕਟਰ ਨੇ ਜਿਵੇਂ ਕੈਂਸਰ ਡਾਇਗਨੋਜ਼ ਕੀਤਾ ਹੋਵੇ

ਕਈ ਆਉਂਦੇ ਹਨ
ਫਕੀਰਾਂ ਦੀ ਤਰਾਂ
ਬੈਠਦੇ ਹਨ

ਜਿਵੇਂ ਚੜ੍ਹੇ ਹੀ ਨਾ ਹੋਣ ਤੇ
ਉਤਰਦੇ ਹਨ
ਜਿਵੇਂ ਬੈਠੇ ਹੀ ਨਾ ਹੋਣ

ਕਈਆਂ ਨੂੰ ਯਾਦ ਹੀ ਨਹੀਂ ਰਹਿੰਦਾ
ਕਿ ਉਤਰਨਾ ਵੀ ਹੈ
ਭੁੱਲ ਜਾਂਦੇ ਨੇ ਕਿ ਟਰੇਨ ਵਿੱਚ ਬੈਠੇ ਹਨ

ਪਰ ਸਭ ਨੇ ਉਤਰ ਜਾਣਾ ਹੈ
ਧਰਤੀ ਤੋਂ ਜਿਵੇਂ
ਚਲੇ ਜਾਂਦੇ ਨੇ ਲੋਕ

## ਪਹਿਲੀ ਵਾਰ

ਆਪਾਂ ਕੋਈ ਪਹਿਲੀ ਵਾਰ ਥੋੜ੍ਹਾ ਮਿਲੇ ਹਾਂ
ਨਾ ਸਮਾਂ ਸਾਡੇ ਨਾਲ ਸ਼ੁਰੂ ਹੋਇਆ
ਤੇ ਨਾ ਹੀ
ਦਰਦ ਦੀ ਖੋਜ ਅਸੀਂ ਕੀਤੀ
ਇਹ ਪੀੜ ਚਲੀ ਆ ਰਹੀ ਹੈ
ਜਨਮਾਂ ਜਨਮਾਂ ਤੋਂ
ਵਿਛੜ ਜਾਣਾ ਇੱਕ ਦਿਨ
ਦੀਵਾ ਬੁਝਾਕੇ ਤੁਰ ਜਾਣਾ ਹੈ

ਇੰਝ ਨਾ ਮਿਲ
ਜਿਵੇਂ ਕਦੇ ਵਿਛੜਨਾ ਨਾ ਹੋਵੇ
ਆਖਰ ਟਰੇਨ ਦੇ ਮੁਸਾਫਰ ਹਾਂ

## ਟਰੇਨਾਂ ਸਿਮਰਨ ਕਰਦੀਆਂ

ਟਰੇਨਾਂ ਸਿਮਰਨ ਕਰਦੀਆਂ
ਮਣਕਾ-ਮਣਕਾ
ਡੱਬਾ ਡੱਬਾ
ਦ੍ਰਿਸ਼-ਦਰ-ਦ੍ਰਿਸ਼
ਦਰਖਤ ਦਰ ਦਰਖਤ

ਸਿਰਫ ਕੁਟੀਆ ਹੀ ਥੋੜ੍ਹਾ ਕਰਦੀ ਹੈ ਸਿਮਰਨ
ਸਿਮਰਨ ਬਿਖਰਿਆ ਹੈ ਜਗ੍ਹਾ ਜਗ੍ਹਾ
ਦ੍ਰਿਸ਼ਾਂ ਚ
ਚਿਹਰਿਆਂ ਚ
ਅਵਾਜ਼ਾਂ ਚ
ਦੁੱਖਾਂ ਚ
ਭੁੱਖ ਚ
ਮੁਸ਼ੱਕਤ ਚ
ਮੁੜ੍ਹਕੇ ਚ
ਹਾਵਾਂ ਚ
ਦੁਆਵਾਂ ਚ
ਟੋਇਆਂ ਚ
ਤੇ ਰਾਹਵਾਂ ਚ

ਟਰੇਨਾਂ ਵੀ ਸਿਮਰਨ ਕਰਦੀਆਂ
ਮਣਕਾ ਮਣਕਾ
ਡੱਬਾ ਡੱਬਾ

## ਰੱਬ ਦੀ ਸਰਕਸ

ਰੱਬ ਨੂੰ ਸਰਕਸ ਪਸੰਦ ਹੈ
   ਗੋਲ ਗੋਲ ਧਰਤੀ ਤੇ ਦੌੜਦੀਆਂ ਟਰੇਨਾਂ
   ਜਿਵੇਂ ਛੱਤ ਤੇ ਕਿਰਲੀਆਂ ਦੌੜਦੀਆਂ ਹੋਣ

ਕਹਿੰਦੇ ਨੇ ਕਿਰਲੀ ਦੇ ਪੈਰਾਂ ਨੂੰ ਗੂੰਦ ਲੱਗੀ ਹੁੰਦੀ ਹੈ
ਗੂੰਦ ਦੇ ਸਹਾਰੇ ਲਟਕੀਆਂ ਰਹਿੰਦੀਆਂ ਨੇ ਛੱਤ ਤੇ
ਟਰੇਨਾਂ, ਪੈਰ ਤੇ ਪਹੀਏ ਵੀ
ਚਿਪਕੇ ਨੇ ਧਰਤੀ ਤੇ
ਜਿਵੇਂ ਗੇਂਦ ਤੇ ਕੀੜੀਆਂ ਤੁਰ ਰਹੀਆਂ ਹੋਣ
ਜਿਵੇਂ ਸਰਕਸ ਚ ਚੱਲਦਾ ਹੈ ਮੋਟਰ ਸਾਈਕਲ
                              ਮੌਤ ਦੇ ਖੂਹ ਚ

ਧਰਤੀ ਵੀ ਮੌਤ ਦਾ ਖੂਹ
ਹਵਾ ਚ ਉੱਡਦੀ ਫਿਰਦੀ ਗੋਲ ਸ਼ੈਅ ਤੇ
ਟਰੇਨਾਂ ਚੱਲਦੀਆਂ ਤੇਜ਼ ਤੇਜ਼
ਡਿਗਦੀਆਂ ਨਹੀਂ ਇੱਧਰ ਉੱਧਰ
ਜਿਵੇਂ ਪਹੀਆਂ ਨੂੰ ਗੂੰਦ ਲੱਗਾ ਹੋਵੇ
ਦੌੜਦੀਆਂ ਵਿੰਗੇ ਟੇਢੇ ਟਰੈਕਾਂ ਤੇ
ਜਿਵੇਂ ਅਸੀਂ ਤੁਰਦੇ ਹਾਂ
ਜੀਵਨ ਦੇ ਰੱਸੇ ਤੇ
ਪੱਕੇ ਖਿਡਾਰੀ ਮੌਤ ਦੇ ਖੂਹ ਦੇ
ਰੱਬ ਦੀ ਸਰਕਸ ਵਿੱਚ
ਲਾ ਰਹੇ ਹਾਂ ਕਲਾਬਾਜ਼ੀਆਂ

## ਨੀਂਦ

ਟਰੇਨ ਵਿੱਚ ਬੈਠਿਆਂ
ਟਨਲ ਇਸ ਤਰਾਂ ਆਉਂਦੀ
ਜਿਵੇਂ ਅਸਮਾਨ ਨੇ ਅੱਖ ਮਾਰੀ ਹੋਵੇ
ਕਦੇ ਕਦੇ ਇਸ ਤਰਾਂ ਵੀ
ਜਿਵੇਂ ਨੀਂਦ ਆ ਗਈ ਹੋਵੇ ਅਸਮਾਨ ਨੂੰ

ਅਸਮਾਨ ਦੀ ਨੀਂਦ ਵਿੱਚ ਵੀ ਰੁਕਦੀ ਨਹੀਂ ਟਰੇਨ
ਸਿਰਫ ਅਸਮਾਨ ਨਹੀਂ ਦਿਸਦਾ ਯਾਤਰੀ ਨੂੰ
ਨਾ ਟਰੇਨ ਨੂੰ ਕੁੱਝ ਹੋਇਆ
ਨਾ ਅਸਮਾਨ ਨੂੰ

" ਇਹ ਕੀ ਸੀ"
ਮੈਂ ਆਪਣੇ ਆਪ ਨੂੰ ਪੁੱਛਿਆ।
ਸੁਆਲ ਇਸ ਤਰਾਂ ਡਿੱਗਿਆ, ਜਿਵੇਂ ਨਿਊਟਨ ਦੇ ਸੇਬ ਵੱਜਿਆ ਸੀ।

" ਕੀ ਮੌਤ ਵੀ ਕੋਈ ਲੰਬੀ ਸੁਰੰਗ ਹੈ"
ਚੱਲਦੀ ਟਰੇਨ ਵਿੱਚ ਮੈਂ ਸੋਚਦਾ ਰਿਹਾ।

## ਰਿਸ਼ਤੇ

ਕੁੱਝ ਯਾਤਰੀ
ਕੁੱਝ ਅਵਾਜ਼ਾਂ
ਚੁਪ ਨਹੀਂ ਹੁੰਦੀਆਂ
ਜਿਵੇਂ ਰਿਸ਼ਤੇ ਹੋਣ ਅਣਚਾਹੇ
ਬਿਪਤਾ ਦੇ ਅਵਤਾਰ
   ਕੁੱਕਰ ਦੀ ਸੀਟੀ ਵੱਜੇ
   ਤੇ ਧੂੰਏ ਨਾਲ ਚੱਲ ਪਏ ਫਾਇਰ ਅਲਾਰਮ

ਕੁੱਝ ਸੁਆਰੀਆਂ
ਤੁਰੇ ਫਿਰਦੇ ਮੈਦਾਨੇ ਜੰਗ
ਜਿਵੇਂ ਰੱਬ ਨਾਲ ਲੜਕੇ ਜਨਮ ਧਾਰਿਆ ਹੋਏ

ਖਿਆਲ ਆਇਆ
ਇਹ ਵੀ ਉਤਰ ਜਾਣਗੀਆਂ

## ਕਿਤਾਬ

ਜਿਵੇਂ ਟਰੇਨ ਵਿੱਚ ਕਿਤਾਬ ਪੜ੍ਹੀਦੀ ਹੈ
ਟੁਕੜਾ ਟੁਕੜਾ
ਡੇਢ ਪੇਜ ਅੱਜ
ਅੱਧਾ ਅਗਲੇ ਦਿਨ
ਕਦੇ ਕਦੇ ਇਕ ਪੈਰ੍ਹਾ ਹੀ ਵਿਚਾਲੇ ਛੁੱਟ ਜਾਂਦਾ
ਕਿਸੇ ਦਿਨ ਭੀੜ ਕਾਰਨ
ਕਿਤਾਬ ਖੋਲ੍ਹਣ ਦੀ ਵੀ ਹਿੰਮਤ ਨਹੀਂ ਪੈਂਦੀ
ਕਦੇ ਕਦੇ
ਲੜੀ ਹੀ ਟੁੱਟ ਜਾਂਦੀ

ਮੈਂ ਤੈਨੂੰ ਵੀ ਇਸ ਤਰਾਂ ਪੜ੍ਹਦਾਂ

ਡਰਾਈਵ ਥਰੂ ਚੋਂ
ਇਬਾਦਤ ਕਰਦਾਂ ਤੇਰੀ।

## ਇਧਰ ਮੂੰਹ ਕਰ

ਇਧਰ ਮੂੰਹ ਕਰ
ਵਕਤ ਤਾਂ ਲੰਘ ਚੱਲਿਆ ਹੈ

ਕੋਈ ਸਮਾਂ ਸੀ ਜਦ ਸੋਚਦਾ ਸਾਂ
ਵਕਤ ਆਏਗਾ
ਸੁਪਨਿਆਂ ਦੇ ਫੁੱਲ ਖਿੜ ਪੈਣਗੇ
ਮਨ ਦੀਆਂ ਤਸਵੀਰਾਂ ਸੱਚ ਹੋ ਜਾਣਗੀਆਂ

ਪਰ ਕਹਾਣੀ ਉਲਟ ਪੁਲਟ ਹੋ ਗਈ

ਫਿਰ ਸੋਚਦਾ ਸਾਂ
ਵਕਤ ਬਦਲ ਜਾਏਗਾ
ਸੇਕ ਢਲ ਜਾਏਗਾ
ਹਵਾ ਚੱਲ ਪਵੇਗੀ
ਦਿਨ ਫਿਰ ਜਾਣਗੇ
ਪਰ ਹੌਲੀ ਹੌਲੀ
ਆਦਤ ਪੈ ਗਈ ਉਨ੍ਹਾਂ ਦੀ

ਸੋਚਦਾਂ ਹੁਣ
ਉਮੀਦ ਧੋਖਾ ਹੈ
ਖੁਸ਼ੀ ਭਰਮ ਹੈ
ਸੁਖ ਕੋਈ ਨਸ਼ਾ ਹੈ

ਪਰ ਵਕਤ ਰੁਕਿਆ ਨਹੀਂ

ਹੁਣ ਟਰੇਨ ਚ ਬੈਠਾ ਸੋਚ ਰਿਹਾਂ
ਇਹ ਟਰੇਨ ਹੀ ਤਾਂ ਹੈ
ਵਕਤ ਤਾਂ ਲੰਘ ਚੱਲਿਆ ਹੈ

ਇਧਰ ਮੂੰਹ ਕਰ ਮੇਰੇ ਯਾਰ
ਤੇ ਮੈਨੂੰ ਧਿਆਨ ਨਾਲ ਦੇਖ

## ਐਡੀ ਵੀ ਕੀ ਕਾਹਲੀ ਹੈ

ਐਡੀ ਵੀ ਕੀ ਕਾਹਲੀ ਹੈ
ਉਤਰ ਹੀ ਜਾਣਾ ਸਭ ਨੇ
ਵਾਰੋ ਵਾਰੀ
ਟਰੇਨ ਚ ਭਲਾ ਕੌਣ ਰਹਿੰਦਾ ਹੈ
ਐਵੇਂ ਪੈਰ ਨਾ ਮਧੋਲ

ਕਈਆਂ ਨੂੰ ਤਾਂ ਜਿਵੇਂ
ਮਰਨ ਦੀ ਵੀ ਕਾਹਲੀ ਹੁੰਦੀ ਹੈ
ਜਿਵੇਂ ਮਾਂ ਬਾਪ ਤੋਂ ਬਦਲਾ ਲੈਣ ਲਈ
ਜਨਮ ਧਾਰਿਆ ਹੋਵੇ

ਹੌਲੀ ਤੁਰ ਵੀਰ
ਸਭ ਨੇ ਹੀ ਉਤਰ ਜਾਣਾ ਹੈ

**ਲੋਟਣੀਆਂ**

ਗੋਲ ਮਟੋਲ ਧਰਤੀ ਤੇ
ਲੋਟਣੀਆਂ ਲੈਂਦੇ ਫਿਰਦੇ ਹਾਂ
ਇਸ ਨੂੰ ਅਸੀਂ
ਜਿਊਣਾ ਕਹਿੰਦੇ ਹਾਂ

ਜਿਵੇਂ ਪਹਿਲਾਂ ਘੱਟ ਚੱਕਰ ਹੋਣ ਧਰਤੀ ਦੇ
ਉਤੋਂ ਅਸੀਂ ਲੱਗ ਪਏ ਖੇਡਣ
ਟਰੇਨ-ਟਰੇਨ
ਘੁੰਮ-ਘੁੰਮ ਕੇ
ਐਨੇ ਚੱਕਰ ਆ ਗਏ ਕਿ
ਹੁਣ ਭੁਲ ਗਏ ਹਾਂ
ਕਿਵੇਂ ਦਿਸਦੀ ਹੈ ਦੁਨੀਆ
ਬਿਨਾਂ ਚੱਕਰਾਂ ਦੇ
ਕਿਵੇਂ ਹੁੰਦਾ ਹੈ
ਮਨ ਦੇ ਪੱਖੇ ਨੂੰ ਰੋਕ ਦੇਣਾ
ਝੀਲ ਦਾ ਜਿਵੇਂ ਤਲ ਦਿਸਣ ਲੱਗੇ
ਜਿਵੇਂ ਬਰਸਾਤ ਦੇ ਨਿੱਖਰੇ ਦਿਨਾਂ ਚ
ਸ਼ਿਮਲੇ ਦੇ ਪਹਾੜ ਦਿਸਦੇ ਸਨ ਮੇਰੇ ਪਿੰਡ ਚੋਂ

ਸਭ ਕੁੱਝ ਘੁੰਮਦਾ ਦੇਖ ਰਹੇ ਹਾਂ।

**ਨਿਆਣਾ ਰੋਂਦਾ ਹੈ**

ਨਿਆਣਾ ਰੋਂਦਾ ਹੈ
ਟਰੇਨ ਵਿੱਚ ਰੌਣਕ ਲੱਗੀ ਹੈ
ਰੱਬ ਵੀ ਬੋਰ ਗਿਆ ਹੋਣਾ ਕੱਲਾ ਬੈਠਾ
ਅਰਬਦ ਨਰਬਦ ਧੁੰਦੂਕਾਰੇ ਚ
ਇਸ ਕਰਕੇ ਇਹ
ਕਬੀਲਦਾਰੀ ਖੜ੍ਹੀ ਕਰ ਲਈ
ਜਿਵੇਂ ਸਾਧ ਨੇ ਮੱਝ ਖਰੀਦ ਲਈ ਸੀ

ਪਰ ਤੰਗ ਨਹੀਂ ਹੁੰਦਾ ਹੋਏਗਾ ਸਾਥੋਂ
ਕੋਈ ਬਿਰਧ ਬਾਬਾ ਜਿਵੇਂ
ਤੰਗ ਨਹੀਂ ਹੁੰਦਾ ਪੋਤਿਆਂ ਤੋਂ

ਪੋਤਿਆਂ ਦੀਆਂ ਸ਼ਰਾਰਤਾਂ
ਪਿਆਰੀਆਂ ਲੱਗਦੀਆਂ

ਰੱਬ ਨੂੰ ਵੀ ਪਿਆਰੀਆਂ ਲੱਗਦੀਆਂ ਹੋਣਗੀਆਂ
ਸਾਡੀਆਂ ਚਲਾਕੀਆਂ
ਸ਼ਰਾਰਤਾਂ
ਹੇਰਾਫੇਰੀਆਂ
ਤੇ ਹੱਸਦਾ ਹੋਵੇਗਾ

ਰੋਂਦੇ ਬੱਚੇ ਨੇ ਜਿਵੇਂ
ਰੌਣਕ ਲਾਈ ਹੈ ਟਰੇਨ ਚ
ਅਸੀਂ ਵੀ ਰੌਣਕ ਲਾਈ ਹੋਵੇਗੀ
ਰੱਬ ਦੇ ਵਿਹੜੇ

## ਟਰੇਨ ਇਬਾਦਤ

ਟਰੇਨ ਵਿਚ ਬੈਠਕੇ ਜੇ ਦੁਨੀਆ ਦੇਖੀਏ-
ਲੱਗਦਾ ਸਿਰਫ ਅਵਾਜ਼ਾਂ ਦੀ ਬਣੀ ਹੈ
ਅਵਾਜ਼ਾਂ ਹੀ ਅਵਾਜ਼ਾਂ
ਤਰਾਂ ਤਰਾਂ ਦੀਆਂ
ਹਰ ਦ੍ਰਿਸ਼
ਹਰ ਸ਼ੈਅ
ਅਵਾਜ਼ ਹੀ ਤਾਂ ਹੈ

ਅਵਾਜ਼ਾਂ ਚੋਂ ਹੀ
ਇੱਕ ਅਵਾਜ਼ ਆਉਂਦੀ ਹੈ—
ਅਵਾਜ਼ਾਂ ਚੋਂ ਚੁੱਪ ਲੱਭਣਾ ਹੀ ਤਲਾਸ਼ ਹੈ
ਹਿੱਲਜੁੱਲ ਚ ਸ਼ਾਂਤ ਰਹਿਣਾ
ਦੇਖਕੇ ਅਣਡਿੱਠ ਕਰ ਦੇਣਾ
ਟਰੇਨ ਵਿੱਚ ਬੈਠਕੇ ਰੁਕ ਜਾਣਾ

## ਸਟੇਸ਼ਨ

ਤੈਨੂੰ ਮਿਲਕੇ ਇਸ ਤਰਾਂ ਲੱਗਦਾ
ਜਿਵੇਂ ਨਦੀ ਕੋਈ
ਪਹੁੰਚ ਗਈ ਹੋਵੇ ਟਿਕਾਣੇ ਆਪਣੇ

ਸੋਚਾਂ-
ਬੈਠ ਜਾਵਾਂ ਮੰਜੇ ਤੇ
ਹੁਣ ਕਿਹੜੇ ਕਿਤੇ ਜਾਣਾ
ਸਫਰ ਤਾਂ ਮੁੱਕ ਗਏ
ਪੜਾਅ ਸਾਰੇ ਪਿੱਛੇ ਛੁੱਟ ਗਏ
    ਬਰਫਾਨੀ ਚੋਟੀਆਂ
    ਭੀੜੇ ਰਸਤੇ
    ਟੋਏ ਟਿੱਬੇ
    ਸਭ ਰੁਕਾਵਟਾਂ
    ਹੜ੍ਹ
ਸਭ ਯਾਦਾਂ ਹੋ ਗਏ

ਤੈਨੂੰ ਮਿਲਕੇ ਇਸ ਤਰਾਂ ਲੱਗਦਾ
ਜਿਵੇਂ ਸਟੇਸ਼ਨ ਆ ਗਿਆ ਹੋਵੇ

## ਦੇਖੇ ਦੇਖੇ

ਯਾਤਰੀ ਜੋ ਲੱਗਦੇ ਨੇ ਦੇਖੇ ਦੇਖੇ
ਇਹ ਵੀ ਅਜੀਬ ਬੁਝਾਰਤ ਹੈ
ਮਿਲੇ ਹੋਣਗੇ
ਕਿਸੇ ਹੋਰ ਦਿਨ
ਕਿਸੇ ਹੋਰ ਸਫਰ ਚ
ਸ਼ਾਇਦ ਕੋਈ ਗੱਲ ਕੀਤੀ ਹੋਵੇਗੀ
ਜਾਂ ਸਿਰਫ ਬੈਠੇ ਹੋਣਗੇ
ਸਾਹਮਣੇ ਵਾਲੀ ਸੀਟ ਤੇ
ਕੁੱਝ ਵੀ ਯਾਦ ਨਹੀਂ

ਪਰ ਕੁੱਝ ਚਿਹਰੇ
ਲੱਗਦੇ ਹਨ ਦੇਖੇ ਦੇਖੇ

ਭੁੱਲੀਆਂ ਚੀਜ਼ਾਂ ਨੂੰ ਦੇਖਕੇ
ਜਿਵੇਂ ਮਹਿਸੂਸ ਹੁੰਦਾ ਕੁੱਝ
ਟਰੇਨ ਚ ਬੈਠਿਆਂ
ਕੁੱਝ ਚਿਹਰੇ
ਦੇਖੇ ਦੇਖੇ ਲੱਗਦੇ

ਇਸੇ ਰੂਟ ਤੇ ਸ਼ਾਇਦ
ਇਨ੍ਹਾਂ ਸਫਰ ਕੀਤਾ ਹੋਵੇਗਾ ਪਹਿਲਾਂ
ਇਸ ਜਨਮ ਚ
ਜਾਂ ਕਿਸੇ ਹੋਰ ਚ

## ਰੱਬ ਗੱਲਾਂ ਕਰਦਾ ਹੈ

ਰੱਬ ਗੱਲਾਂ ਕਰਦਾ ਹੈ ਆਪਣੇ ਆਪ ਨਾਲ
ਜਿਵੇਂ ਸੈੱਲ ਫੋਨ ਤੇ
ਕਾਮੇਡੀ ਸ਼ੋਅ ਦੇਖਦਾ ਕੋਈ
ਇਕੱਲਾ ਹੱਸਦਾ ਹੈ
ਰੱਬ ਵੀ ਇਸੇ ਤਰਾਂ
ਗੱਲਾਂ ਕਰਦਾ ਹੋਵੇਗਾ ਆਪਣੇ ਆਪ ਨਾਲ
ਦੁਨੀਆ ਬਣਾਕੇ।

ਪੂਰੀ ਟਰੇਨ ਬਿਜ਼ੀ ਹੈ
ਕੋਈ ਵੀਡੀਓ ਚੈਟ ਤੇ ਕਿਸੇ ਖਾਸ ਨਾਲ
ਹੌਲੀ ਹੌਲੀ

ਕੋਈ ਵਕਤ ਕੱਟਣ ਲਈ
ਖੇਡ ਰਿਹਾ ਕੈਂਡੀ ਕਰੱਸ਼

ਕੋਈ ਟਾਈਪ ਕਰ ਰਿਹਾ ਸੈੱਲ ਫੋਨ ਤੇ
ਜਿਵੇਂ ਉਂਗਲਾਂ ਤੇ ਨਚਾ ਰਿਹਾ ਹੋਵੇ
ਅਗਲੇ ਨੂੰ

ਲੱਗਦਾ
ਸਾਰੀ ਦੁਨੀਆ ਆਪਣੇ ਆਪ ਨਾਲ
ਗੱਲਾਂ ਕਰ ਰਹੀ ਹੈ
ਰੱਬ ਦੀ ਤਰਾਂ

### ਸੀਟਾਂ

ਸਪੇਸ ਦੇ ਇਸ ਟੁਕੜੇ ਚੋਂ
ਲੰਘੀਆਂ ਹਨ ਹਜ਼ਾਰਾਂ ਰੂਹਾਂ
ਛੱਡ ਗਈਆਂ ਅੰਸ਼ ਆਪਣੇ
    ਯਾਦਾਂ ਦੇ ਕੁੱਝ ਟੁਕੜੇ
    ਮਨ ਦੇ ਪ੍ਰਭਾਵ
    ਗ਼ਮ ਆਪਣੇ
ਸਪੇਸ ਦਾ ਇਹ ਟੁਕੜਾ
ਖਾਲੀ ਨਹੀਂ

ਇਹ ਟੁਕੜਾ ਪਰ
ਗਤੀ ਵਿੱਚ ਹੈ ਹਮੇਸ਼ਾ
ਚੱਲਦੀ ਟਰੇਨ ਨਾਲ ਘੁੰਮਦਾ ਹੈ
ਧਰਤੀ ਘੁੰਮਦੀ ਹੈ ਆਪਣੀ ਧੁਰੀ ਦੁਆਲੇ
ਤੇ ਫੇਰ
ਸੂਰਜ ਦੁਆਲੇ
ਤੇ ਫੇਰ
ਸੂਰਜ ਮੰਡਲ ਘੁੰਮਦਾ ਹੈ
ਕਿਸੇ ਹੋਰ ਦੁਆਲੇ
ਕਿਸੇ ਹੋਰ ਦੁਆਲੇ...
ਸਪੇਸ ਦਾ ਇਹ ਟੁਕੜਾ
ਸਥਿਰ ਨਹੀਂ ਹੈ
ਇਸ ਚੋਂ ਲੰਘ ਰਹੇ ਨੇ
ਲੱਖਾਂ ਬ੍ਰਹਿਮੰਡ
ਹਰ ਪਲ

## ਗਤੀ

ਮੇਰੀ ਕਵਿਤਾ ਨੂੰ ਟਰੇਨ ਦੀ ਆਦਤ ਪੈ ਗਈ ਹੈ

ਜਿਵੇਂ ਕਈਆਂ ਨੂੰ ਫੋਨ ਤੇ ਗੱਲ ਕਰਨ ਵੇਲੇ
ਤੁਰਕੇ ਗੱਲ ਅਹੁੜਦੀ ਹੈ
ਮੈਨੂੰ ਵੀ ਚਲਦੀ ਟਰੇਨ ਚ
ਕਵਿਤਾ ਫੁਰਦੀ ਹੈ

ਖਿਆਲ ਤੁਰਦੇ ਨੇ ਸ਼ਾਇਦ ਗਤੀ ਨਾਲ
ਤੇ ਮਨ ਚੱਲਦਾ ਹੈ
ਖਿਆਲਾਂ ਦੀ ਹਰਕਤ ਨਾਲ

ਸੋਚਦਾਂ-
ਚੱਲਦੀ ਹੀ ਤਾਂ ਟਰੇਨ ਹੈ
ਰੁਕਣ ਨਾਲ, ਟਰੇਨ ਨਹੀਂ ਰਹਿਣੀ
ਸਾਹਾਂ ਦੇ ਰੁਕਣ ਨਾਲ, ਜਿਸਮ ਨਹੀਂ ਰਹਿਣਾ
ਖਿਆਲਾਂ ਦੇ ਰੁਕਣ ਨਾਲ, ਮਨ
ਤੇ ਮਨ ਦੇ ਰੁਕਣ ਨਾਲ ਸੰਸਾਰ ਨਹੀਂ ਰਹਿਣਾ

ਕੀ ਗਤੀ ਹੀ ਸੰਸਾਰ ਹੈ?
ਤਦ ਹੀ ਸ਼ਾਇਦ
ਤੁਰਦੀ ਟਰੇਨ ਚ ਮੈਨੂੰ ਕਵਿਤਾ ਫੁਰਦੀ ਹੈ

## ਟਰੇਨ ਨਿਕਲ ਗਈ

ਲੰਘੀ ਟਰੇਨ ਵਾਪਿਸ ਨਹੀਂ ਆਏਗੀ
ਨਹੀਂ ਰੁਕੇਗੀ ਮੇਰੇ ਲਈ
ਸਮੇਂ ਦੀ ਤਰਾਂ

ਨਿਕਲ ਗਈ-
ਮਨ ਪ੍ਰੇਸ਼ਾਨ ਹੁੰਦਾ ਹੈ
ਇਹ ਜਾਣਦਿਆ ਵੀ
ਕਿ ਹੋਰ ਆ ਜਾਏਗੀ
ਨਿਸ਼ਚਿਤ ਸਮੇਂ ਤੇ

ਸਮਾਂ ਰੁਕਦਾ ਨਹੀਂ
ਪਰ ਮੁੱਕਦਾ ਵੀ ਨਹੀਂ
ਫੇਰ ਆਵੇਗਾ

ਮਨ ਮੇਰਾ ਐਵੇਂ ਪ੍ਰੇਸ਼ਾਨ ਹੁੰਦਾ ਹੈ

**ਕਾਢ**

ਐਨੀ ਲੰਬੀ ਟਰੇਨ ਨੂੰ ਦੇਖਕੇ  ਸੋਚਦਾਂ-
ਕਿਵੇਂ ਆਇਆ ਹੋਵੇਗਾ ਕਿਸੇ ਨੂੰ
ਸਭ ਤੋਂ ਪਹਿਲਾਂ ਇਸ ਦਾ ਖਿਆਲ

ਸ਼ਾਇਦ ਰਾਹ ਜਾਂਦੇ ਇੱਕ ਵਾਹਨ ਪਿੱਛੇ
ਦੂਜਾ ਜੋੜਿਆ ਹੋਵੇਗਾ ਪਹਿਲੀ ਵਾਰ
ਫੇਰ ਸ਼ਾਇਦ ਜੋੜਿਆ ਹੋਵੇਗਾ
ਤੀਜਾ
ਫੇਰ ਖਿਆਲ ਆਇਆ ਹੋਵੇਗਾ
ਜੇ ਰਸਤਾ ਅਲੱਗ ਬਣ ਜਾਵੇ ਤਾਂ ਸ਼ਾਇਦ
ਚੌਥਾ ਵੀ ਜੋੜਿਆ ਜਾ ਸਕੇ
ਚਾਰ ਜੋੜਕੇ ਸੋਚਿਆ ਹੋਵੇਗਾ
ਇਸ ਨੂੰ ਖਿੱਚਣ ਲਈ
ਇੰਜਣ ਜੇ ਵੱਡਾ ਹੋਵੇ ਤਾਂ
ਸ਼ਾਇਦ ਛੇ ਵੀ ਖਿੱਚ ਲਏ

ਇਸੇ ਤਰਾਂ
ਡੱਬਾ-ਦਰ-ਡੱਬਾ
ਖਿਆਲ ਦਰ ਖਿਆਲ ਜੁੜਦੇ ਗਏ
ਟਰੇਨ ਬਣਦੀ ਗਈ
ਜਿਵੇਂ ਸਭਿਅਤਾ ਬਣੀ ਹੈ
ਕਦਮ-ਦਰ-ਕਦਮ
ਟੁਕੜਾ ਟੁਕੜਾ

## ਕਰਮ-ਰੂਟ

ਕਿੱਥੋਂ ਕਿੱਥੋਂ ਆਏ ਨੇ ਇਹ ਲੋਕ
ਧਰਤੀ ਦੇ ਕਿਹੜੇ ਕਿਹੜੇ ਕੋਨੇ ਤੋਂ
ਅਮੀਰੀ ਚੋਂ
ਦੁਖ਼ਾਂ ਚੋਂ
ਜ਼ੁਬਾਨਾਂ ਆਪੋ ਆਪਣੀਆਂ
ਜੋੜਿਆ ਇਨ੍ਹਾਂ ਨੂੰ
ਇੱਕ ਟਰੇਨ ਰੂਟ ਨੇ

ਕੋਈ ਰੋਜ਼ ਜਾਣ ਵਾਲਾ
ਕੋਈ ਕਦੇ ਕਦਾਈਂ
ਕੋਈ ਪਹਿਲੀ ਵਾਰ

ਇਸ ਛੋਟੇ ਜਿਹੇ ਰੂਟ ਨੇ
ਇਕੱਠਾ ਕੀਤਾ ਇਨ੍ਹਾਂ ਨੂੰ
ਜੀਵਨ ਦਾ ਰੂਟ
ਜਿਵੇਂ ਇਕੱਠੇ ਕਰਦਾ ਹੈ
ਲੋਕਾਂ ਨੂੰ
ਰਿਸ਼ਤਿਆਂ ਨੂੰ

**ਲਿੰਕ ਭਾਸ਼ਾ**

ਮੁਹੱਬਤ ਕਾਇਨਾਤ ਦੀ ਲਿੰਕ ਭਾਸ਼ਾ
ਇਹ ਗਿਆਨ ਮੈਨੂੰ ਟਰੇਨ ਨੇ ਦਿੱਤਾ

ਅੰਗਰੇਜ਼ੀ ਜੋੜਦੀ ਹੈ ਯਾਤਰੀਆਂ ਨੂੰ
ਦੂਰੋਂ ਦੂਰੋਂ ਆਏ
ਭਾਂਤ-ਸੁਭਾਂਤੇ
ਆਪਸ ਵਿੱਚ ਗੱਲ ਕਰ ਸਕਦੇ ਨੇ
ਅੰਗਰੇਜ਼ੀ ਚ

ਮੁਹੱਬਤ ਜੋੜਦੀ ਹੈ ਕਾਇਨਾਤ ਨੂੰ
ਜ਼ੁਬਾਨਾਂ ਤੋਂ ਪਾਰ
ਨਸਲਾਂ ਤੋਂ ਪਾਰ
ਪਸ਼ੂਆਂ ਨਾਲ
ਦੂਸਰੇ ਗ੍ਰਹਿਆਂ ਨਾਲ
ਕਾਇਨਾਤ ਨਾਲ
ਖ਼ੁਦਾ ਨਾਲ

ਮੁਹੱਤਬ ਕੋਈ ਇੰਟਰ-ਪਲੈਨਟਰੀ ਭਾਸ਼ਾ ਸ਼ਾਇਦ

## ਕਵਿਤਾ ਤੇ ਟਰੇਨ

ਕਵਿਤਾ ਲਿਖਣ ਨਾਲ ਟਰੇਨ ਚੱਲਦੀ ਹੈ
ਜਾਂ ਚੱਲਦੀ ਟਰੇਨ ਨਾਲ ਕਵਿਤਾ ਬਣਦੀ
ਅੱਖਰ ਜੁੜਦੇ ਡੱਬਾ ਡੱਬਾ
ਅੱਖਰਾਂ ਨਾਲ ਅੱਖਰ ਜੁੜਕੇ
ਕਵਿਤਾ ਬਣਦੀ
ਸਾਹ ਨਾਲ ਸਾਹ ਜੁੜਕੇ
ਬਣਦਾ ਹੈ ਜੀਵਨ
ਜੀਵਨ ਨਾਲ ਜੀਵਨ ਜੁੜਕੇ ਸਮਾਜ ਬਣਦਾ

ਸਭ ਕੁੱਝ ਜੁੜਿਆ ਹੋਇਆ
    ਡੱਬੇ ਨਾਲ ਡੱਬਾ
    ਸਾਹ ਨਾਲ ਸਾਹ
    ਅੱਖਰ ਨਾਲ ਅੱਖਰ
    ਜੀਵਨ ਨਾਲ ਜੀਵਨ

ਕਵਿਤਾ ਨਾਲ ਇਸ ਤਰਾਂ ਟਰੇਨ ਜੁੜੀ
ਜਾਂ  ਟਰੇਨ ਨਾਲ ਕਵਿਤਾ

## ਕੈਦ

ਮੈਂ ਹਾਂ ਟਰੇਨ ਚ ਕੈਦ
ਜਿਵੇਂ ਗ੍ਰਹਿ ਆਪਣੇ ਪੱਥ ਤੇ ਕੈਦ
ਮੇਰੇ ਸੈੱਲਾਂ ਚ ਘੁੰਮਦੇ ਕਣ
ਆਪਣੇ ਚੱਕਰਾਂ ਦੇ ਕੈਦੀ
ਤੇ ਮਨ ਮੇਰਾ
ਮੇਰੇ ਸਾਹਾਂ ਦਾ

ਕੁੱਝ ਵੀ ਤਾਂ ਅਜ਼ਾਦ ਨਹੀਂ
ਫਿਜ਼ਿਕਸ ਦੇ ਨਿਯਮਾਂ ਚ ਕੈਦ
ਤੱਤ
ਕੌਸਮਿਨ ਨਿਯਮਾਂ ਚ ਬੱਝਿਆ
ਬ੍ਰਹਿਮੰਡ
ਕਰਮਾਂ ਚ ਕੈਦ ਜੀਵਨ
ਪਟੜੀਆਂ ਚ ਕੈਦ ਟਰੇਨ
ਹਰ ਸ਼ੈਅ ਬੱਝੀ ਰਿਸ਼ਤਿਆਂ ਚ

ਮੈਂ ਜਾਣ ਰਿਹਾਂ ਇਨ੍ਹਾਂ ਨਿਯਮਾਂ ਨੂੰ
ਤੇ ਹੌਲੀ ਹੌਲੀ
ਅਜ਼ਾਦ ਹੋ ਰਿਹਾ ਹਾਂ

## ਪੈੱਨ ਤੇ ਕਾਪੀ

ਸਾਊਥ ਇੰਡੀਅਨ ਬੰਦੇ ਨੂੰ ਰੱਜ ਨਹੀਂ ਆਉਂਦਾ
ਹੱਥ ਨਾਲ ਖਾਏ ਬਗੈਰ
ਪੇਂਡੂ ਬੰਦੇ ਨੂੰ ਅਰਾਮ ਮਿਲਦਾ ਹੈ
ਜ਼ਮੀਨ ਤੇ ਬੈਠਕੇ
ਕਵਿਤਾ ਨੂੰ ਸਕੂਨ ਮਿਲਦਾ ਹੈ
ਕਾਪੀ ਪੈਨ ਨਾਲ
ਟਰੇਨ ਨੂੰ ਅਰਾਮ ਮਿਲਦਾ ਹੈ ਮੇਰੇ ਨਾਲ

ਅਸੀਂ ਸੈਲਫੀਆਂ ਚ ਉਲਝੇ ਲੋਕ
ਫੋਰਕ ਨਾਲ ਡੋਸਾ ਖਾਂਦੇ
ਜੂਨ ਚ ਜੁਰਾਬਾਂ ਪਾਉਂਦੇ
ਵਿੰਟਰ ਚ ਹਾਈ ਹੀਲ
ਜਿਉਂਦੇ ਅਸੀਂ ਫੇਸਬੁੱਕ ਲਈ
        ਇਨਸਟਾਗ੍ਰਾਮ ਲਈ
        ਫੋਟੋਆਂ ਲਈ
ਐਲਬਮਾਂ ਲਈ ਵਿਆਹ ਕਰਵਾਉਂਦੇ

ਭੁੱਲ ਗਿਆ ਸਾਂ ਹੱਥ ਨਾਲ ਲਿਖਣਾ ਮੈਂ
ਜਿਵੇਂ ਆਦਤ ਪੈ ਜਾਂਦੀ ਹੈ ਬੰਦੇ ਨੂੰ
    ਜੁਰਾਬਾਂ ਦੀ
    ਟਾਈ ਦੀ
    ਕੰਪਿਊਟਰਾਂ ਦੀ

ਮੈਂ ਵੀ ਇੱਕ ਬਗਾਵਤ ਕੀਤੀ ਐਟਮ ਜਿੰਨੀ
ਇਕ ਕਾਪੀ ਖਰੀਦੀ
ਟਾਈ ਲਾਹ ਦਿੱਤੀ
ਪੈੱਨ ਨਾਲ ਕਵਿਤਾ ਲਿਖਣ ਲੱਗਾ ਚੱਲਦੀ ਟਰੇਨ ਚ
ਟਰੇਨ ਇਸ ਨਾਲ ਹੌਲੀ ਹੋ ਗਈ ਹੈ

**ਦੇਖਣਾ**

ਲੰਘ ਰਹੀ ਹੈ ਲੰਬੀ ਮਾਲ ਗੱਡੀ
ਨਾ ਅਗਲਾ ਸਿਰਾ ਦਿਸਦਾ ਨਾ ਪਿਛਲਾ
ਸਿਰਫ ਕੁੱਝ ਡੱਬੇ ਦੇਖ ਸਕਦਾਂ ਇੱਕ ਵਾਰ
ਪੂਰੀ ਟਰੇਨ ਦੇਖਣ ਲਈ
ਜਾਣਾ ਪਵੇਗਾ ਦੂਰ
ਜਿਵੇਂ ਪਹਾੜ ਦੇਖੀਦੇ ਨੇ ਦੂਰੋਂ

ਧਰਤੀ ਦੇਖਣ ਲਈ ਘੁੰਮਦੀ ਗੋਲ ਗੋਲ
ਬਹੁਤ ਦੂਰ ਜਾਣਾ ਪਵੇਗਾ ਸ਼ਾਇਦ
ਪੁਲਾੜ ਵਿੱਚ

ਸੂਰਜ ਦੁਆਲੇ ਘੁੰਮਦੀ ਨੂੰ ਦੇਖਣ ਲਈ
ਹੋਰ ਦੂਰ
ਸੂਰਜ ਮੰਡਲ ਤੋਂ ਬਾਹਰ
ਜਾਣਾ ਪਵੇਗਾ ਗਲੈਕਸੀ ਦੇ ਕਿਸੇ ਦੂਰ ਕੋਨੇ ਚ

ਸੂਰਜ ਮੰਡਲ ਨੂੰ ਦੇਖਣ ਲਈ
ਅਤੇ ਪੂਰੇ ਬ੍ਰਹਿਮੰਡ ਨੂੰ ਦੇਖਣ ਲਈ ਘੁੰਮਦਾ ਹੋਇਆ
ਹੋਰ ਦੂਰ.....

ਕੋਲ ਖੜ੍ਹਕੇ ਤਾਂ ਮੈਂ ਦੇਖ ਨਹੀਂ ਸਕਦਾ
ਇੱਕ ਟਰੇਨ ਵੀ
ਬ੍ਰਹਿਮੰਡ ਕਿਵੇਂ ਦੇਖਾਂ ਬ੍ਰਹਿਮੰਡ ਵਿੱਚ ਰਹਿਕੇ?

**ਘਮੇਟਣੀਆਂ**

ਕਈਆਂ ਨੂੰ ਚੱਕਰ ਆਉਂਦੇ ਹਨ
ਟਰੇਨ ਵਿੱਚ ਬੈਠਕੇ
ਜਹਾਜ਼ ਵਿੱਚ ਬੈਠੇ ਕੇ
ਬੱਸ ਵਿੱਚ ਬੈਠਕੇ
ਜੇ ਮੈਂ ਘਮੇਟਣੀ ਲਵਾਂ ਆਪਣੇ ਦੁਆਲੇ
ਚੱਕਰ ਆਉਂਦੇ ਹਨ ਮੈਨੂੰ ਵੀ

ਫਿਰਕੀ ਵਾਂਗ ਘੁੰਮਦੀ ਧਰਤੀ ਤੇ
ਜੋ ਘੁੰਮਦੀ ਧੁਰੀ ਦੁਆਲੇ
ਸੂਰਜ ਦੁਆਲੇ
ਹਜ਼ਾਰਾਂ ਕਿਲੋਮੀਟਰ ਪ੍ਰਤੀ ਘੰਟਾ
ਇਨ੍ਹਾਂ ਚੱਕਰਾਂ ਨਾਲ ਵੀ ਤਾਂ
ਆ ਰਹੇ ਹੋਣਗੇ ਚੱਕਰ ਮੈਨੂੰ

ਮੈਂ ਜਿਸ ਨੂੰ ਹੋਸ਼ ਸਮਝ ਰਿਹਾਂ
ਕੀ ਇਹ ਚੱਕਰ ਹੀ ਤਾਂ ਨਹੀਂ?

## ਬਿੰਦੂ ਕਿ ਰੇਖਾ!

ਘੁੰਮ ਰਿਹਾਂ ਜਾਂ ਖੜ੍ਹਾ
ਪਤਾ ਨਹੀਂ ਲੱਗਦਾ
ਚਲਦੀ ਟਰੇਨ ਦਾ ਵੀ ਪਤਾ ਲੱਗਦਾ ਹੈ
ਖਿੜਕੀਆਂ ਤੋਂ
ਟਰੇਨ ਦੇ ਹਿੱਲਣ ਤੋਂ

ਧਰਤੀ ਦੇ ਹਿੱਲਣ ਦਾ ਵੀ ਪਤਾ ਨਹੀਂ ਲੱਗਦਾ

ਟਰੇਨ ਚੱਲ ਰਹੀ ਹੈ
ਟਰੇਨ ਨੂੰ ਲੈ ਕੇ ਧਰਤੀ ਘੁੰਮਦੀ
ਆਪਣੇ ਦੁਆਲੇ
ਸੂਰਜ ਦੁਆਲੇ
ਸੂਰਜ ਘੁੰਮਦਾ
ਆਪਣੇ ਪੂਰੇ ਪਰਿਵਾਰ ਸਮੇਤ
ਗਲੈਕਸੀ ਦੁਆਲੇ
ਕਾਇਨਾਤ ਦੀ ਐਨੀ ਭੱਜ ਦੌੜ ਦਾ
ਪਤਾ ਨਹੀਂ ਲੱਗਦਾ

ਇਹ ਚੱਕਰ ਦਰ ਚੱਕਰ
ਕਿਤੇ ਕੱਟ ਤਾਂ ਨਹੀਂ ਰਹੇ ਇੱਕ ਦੂਜੇ ਨੂੰ ?
ਜਿਵੇਂ ਟਰੈੱਡ ਮਿੱਲ ਦੇ ਤੁਰਦਾ ਬੰਦਾ ਖੜ੍ਹਾ ਹੁੰਦਾ ਹੈ

ਕੀ ਘੁੰਮਣ ਦਾ ਇਹ ਕੋਈ
ਕਾਇਨਾਤੀ ਭੁਲੇਖਾ ਤੇ ਨਹੀਂ!

## ਤੁਰਨ ਨਾਲ ਦੁਖ ਘਟਦਾ

ਦਿਲ ਦੀ ਪੀੜ੍ਹ ਘਟਦੀ ਹੈ ਥੋੜ੍ਹੀ ਥੋੜ੍ਹੀ
ਚੱਲਦੀ ਟਰੇਨ ਵਿੱਚ
ਤੁਰਨ ਨਾਲ ਦੁਖ ਕੁੱਝ ਥਮ ਜਾਂਦਾ ਹੈ

ਦੁਖਦਾ ਹੋਵੇਗਾ ਧਰਤੀ ਦਾ ਵੀ ਕੁੱਝ
ਤਦ ਹੀ ਦੌੜੀ ਫਿਰਦੀ ਹੈ ਵਿਚਾਰੀ

ਪੂਰੀ ਕਾਇਨਾਤ ਹੀ
ਭੱਜ ਰਹੀ ਕੋਈ ਦਰਦ ਭੁਲਾਉਣ ਲਈ

ਦਿਲ ਜਦ ਦੁਖਦਾ
ਇਨਸਾਨ ਤੁਰਦਾ ਹੈ ਇੱਧਰ ਉਧਰ
ਘਰ ਦੇ ਅੰਦਰ ਜਾਂ
ਨਿਕਲ ਜਾਂਦਾ ਭ੍ਰਮਣ ਕਰਨ ਲਈ
ਕਦੇ ਜੰਗਲਾਂ ਵੱਲ ਬੁੱਧ ਵਾਂਗ
ਸਾਧੂਆਂ ਵਾਂਗ ਤੁਰਦਾ ਰਹਿੰਦਾ

ਤੁਰਦੀ ਟਰੇਨ ਸਹਿਲਾਉਂਦੀ ਹੈ ਦੁਖ ਨੂੰ।

## ਐਨੇ ਲੋਕ

ਜਿੰਨੀਆਂ ਸੁਆਰੀਆਂ ਬੈਠੀਆਂ, ਉਸ ਤੋਂ ਵੱਧ ਖੜ੍ਹੀਆਂ
ਇੱਕ ਦੂਜੇ ਚ ਫਸਕੇ ਖਲੋਤੀਆਂ ਐਨੀਆਂ ਰੂਹਾਂ
ਜਿਵੇਂ ਮੁਰਗੀਆਂ ਜਾਂਦੀਆਂ ਨੇ ਪੋਲਟਰੀ ਫਾਰਮ ਦੀਆਂ
ਜਾਂ ਜਹਾਜ਼ ਹੋਵੇ ਰਿਫਿਊਜੀਆਂ ਦਾ
ਸ਼ਹਿਰ ਜਿਵੇਂ ਕੋਈ ਪਲਾਇਨ ਕਰ ਰਿਹਾ ਹੋਵੇ

ਤੰਗ ਹੁੰਦਾ ਹਾਂ ਥੋੜ੍ਹੀ ਦੇਰ
ਭੀੜ ਤੋਂ
ਹੁੰਮਸ ਤੋਂ
ਧੱਕਿਆਂ ਤੋਂ

ਫਿਰ ਸੋਚਦਾਂ-
ਸਫਰ ਹੀ ਤਾਂ ਹੈ
ਸਭ ਦਾ ਲੰਘ ਜਾਣਾ
ਬੈਠਿਆਂ ਦਾ ਵੀ, ਖੜ੍ਹਿਆਂ ਦਾ ਵੀ
੍ਭੀੜ ਦਾ ਵੀ, ਹੁੰਮਸ ਦਾ ਵੀ
ਸਭ ਮੁੱਕ ਜਾਏਗਾ

ਆਖਰ ਇਹ ਸਫਰ ਹੀ ਤਾਂ ਹੈ!

## ਟਰੇਨ ਮੈਡੀਟੇਸ਼ਨ

ਰੋਜ਼ ਮੇਰੇ ਸਾਹਮਣੇ ਬੈਠਦੀ
ਨਵੀਂ ਸੁਆਰੀ
ਕਦੇ ਕੋਈ ਕਾਲਾ
ਕਦੇ ਗੋਰਾ
ਭੂਰਾ
ਚੀਨਾ
ਸੋਹਣਾ
ਕੁਸੋਹਣਾ
ਚੁੱਪ
ਬੋਲਣ ਵਾਲਾ ਲਗਾਤਾਰ
ਤੰਦਰੁਸਤ
ਬਿਮਾਰ
ਕੋਈ ਸੈੱਲਫੋਨ ਤੇ ਵੀਡੀਓ ਦੇਖਦਾ, ਹੱਸਦਾ ਕੱਲਾ ਹੀ
ਕੋਈ ਪੜ੍ਹਨ ਚ ਮਸਤ, ਕੋਈ
ਫੋਨ ਤੇ ਲੱਗਿਆ ਨੌਨ-ਸਟੌਪ

ਮਨ ਧਾਰਨਾ ਬਣਾਉਂਦਾ ਹਰ ਕਿਸੇ ਬਾਰੇ
ਕਾਮੈਂਟ ਕਰਦਾ ਚੁਪ ਚਾਪ, ਅੰਦਰੋ ਅੰਦਰੀ
ਕਿਸੇ ਦੀ ਖ਼ੂਬਸੂਰਤੀ ਤੇ ਬਦਸੂਰਤੀ ਤੇ
ਟਿੱਪਣੀ ਕਰਦਾ
ਕਿਸੇ ਦੀ ਨਸਲ ਬਾਰੇ ਧਾਰਨਾ ਪੱਕੀ ਕਰਦਾ

ਟਿੱਪਣੀ ਕਰਦਾ ਕਿਸੇ ਦੇ ਲਹਿਜ਼ੇ ਤੇ
ਹੱਸਦਾ ਕਿਸੇ ਦੀ ਘਬਰਾਹਟ ਤੇ

ਮੈਂ ਰੋਜ਼ ਲੜਦਾਂ ਇਸ ਟਿੱਪਣੀਕਾਰ ਨਾਲ
ਜੋ ਅੰਦਰ ਬੈਠਾ ਮੇਰੇ
ਇਸ ਨੂੰ ਚੁੱਪ ਕਰਾਉਣਾ ਹੀ ਸਾਧਨਾ ਹੈ
ਮੇਰੀ ਮੋਬਾਈਲ ਮੈਡੀਟੇਸ਼ਨ

## ਲੋਹਾ ਪਿਘਲ ਜਾਂਦਾ ਹੈ

ਲੋਹਾ ਵੀ ਪਿਘਲ ਜਾਂਦਾ ਤਪਸ਼ ਨਾਲ
ਸੇਕ ਦੀ ਇੰਤਹਾ ਨਾਲ
ਮੈਂ ਤਾਂ ਫਿਰ ਬੰਦਾ ਹਾਂ

ਟਰੇਨਾਂ ਵੀ ਹਾਰ ਜਾਂਦੀਆਂ ਸਮੇਂ ਦੇ ਅੱਗੇ
ਸੇਕ ਇਹ ਸਾਹਾਂ ਦਾ
ਤੇ ਰਾਹਾਂ ਦਾ
ਖਾਹਸ਼ਾਂ ਦਾ
ਮਾਯੂਸੀਆਂ ਦਾ
ਹਾਰਾਂ ਦਾ
ਤੇ ਸਬਰ ਦਾ
ਵਿਛੋੜੇ ਦਾ
ਤੇ ਲੋਹੜੇ ਦਾ

ਸੇਕ ਇਹ ਜੋਰ ਦਾ ਹੈ

ਲੋਹਾ ਵੀ ਪਿਘਲ ਜਾਂਦਾ ਸੇਕ ਨਾਲ
ਮੈਂ ਤਾਂ ਫਿਰ ਬੰਦਾ ਹਾਂ

## ਪਿਓ, ਪੁੱਤਰ ਤੇ ਟਰੇਨ

ਪਿਓ ਦੇ ਮੋਢੇ ਤੇ ਬੈਠਾ
ਉਹ ਦੇਖ ਰਿਹਾ ਟਰੇਨ
ਵੱਡਾ ਜਦ ਹੋਵੇਗਾ ਉਹ
ਉਸਦੇ ਵੀ ਮੋਢਿਆ ਤੇ ਹੋਵੇਗੀ ਅਗਲੀ ਪੀੜ੍ਹੀ
ਉਸਦੀ ਥਾਂ ਤੇ ਕਦੇ ਬੈਠਾ ਸੀ ਪਿਓ ਉਸਦਾ
    ਕਦੇ ਦਾਦਾ
        ਤੇ ਪਤਾ ਨਹੀਂ ਹੋਰ ਕਿੰਨੇ ਦਾਦੇ

ਉਸਦੇ ਵੀ ਮੋਢਿਆਂ ਤੇ ਉੱਗਣਗੇ ਹੋਰ ਕਿੰਨੇ
                ਪੀੜ੍ਹੀ ਦਰ ਪੀੜ੍ਹੀ
ਪਿਓ ਦੇ ਮੋਢੇ ਜਿਵੇਂ ਲਗਰ ਹੋਵੇ ਪੀੜ੍ਹੀਆਂ ਦੀ
ਫੁੱਲ ਉੱਗੇਗਾ, ਖਿੜੇਗਾ, ਝੜੇਗਾ
                    ਹੋਰ ਉੱਗੇਗਾ

ਪਿਓ ਦੇ ਮੋਢੇ ਤਖਤ ਹੈ ਕੋਈ
ਪੀੜ੍ਹੀਆਂ ਬੈਠਕੇ ਜਿਸਤੇ
ਟਰੇਨ ਦੇਖਦੀਆਂ ਨੇ

## ਟਰੇਨਾਂ ਦੀ ਬੋਲੀ

ਮੇਰ ਅੰਦਰ ਜੋ ਸੀ ਕਿਸਾਨਾਂ ਦੀ ਬੋਲੀ
ਖੇਤਾਂ ਦੀ
ਪਿੰਡਾਂ ਦੀ
ਮਿੱਟੀ ਦੀ
ਹੌਲੀ ਹੌਲੀ ਖੁਰ ਹੀ ਹੈ

ਮਿਟ ਰਹੀ ਹੈ
ਟਰੇਨਾਂ ਨਾਲ
ਕਨੇਡਾ ਨਾਲ
ਕਿਤਾਬਾਂ ਨਾਲ
ਗਿਆਨ ਨਾਲ

ਮਨ ਬਣਿਆ ਹੈ ਭਾਸ਼ਾ ਦਾ
ਮੈਂ ਵੀ ਕੀ ਹਾਂ ਭਾਸ਼ਾ ਤੋਂ ਬਿਨਾਂ
ਮਨ ਤੋਂ ਬਿਨਾਂ

ਮੇਰੇ ਅੰਦਰ ਚੱਲ ਰਿਹਾ ਭਾਸ਼ਾਵਾਂ ਦਾ ਯੁੱਧ
ਟਰੇਨ ਭਾਸ਼ਾ ਲੜ ਰਹੀ ਹੈ
ਖੇਤਾਂ ਦੀ ਭਾਸ਼ਾ ਨਾਲ
ਪਿੰਡਾਂ ਦੀ ਬੋਲੀ ਨਾਲ

ਮੇਰੇ ਅੰਦਰ, ਮੈਂ ਆਪਣੇ ਆਪ ਨਾਲ ਲੜ ਰਿਹਾ ਹਾਂ

## ਧਰਤੀ ਮਾਂ

ਟਰੇਨਾਂ ਰੇਂਗਦੀਆਂ ਧਰਤੀ ਦੇ ਪਿੰਡੇ ਤੇ
ਸੁੰਡੀਆਂ ਦੀ ਤਰਾਂ
ਕੁਤਕੁਤਾੜੀਆਂ ਹੁੰਦੀਆਂ ਹੋਣਗੀਆਂ ਧਰਤੀ ਦੇ
ਕਦੇ ਕਦੇ ਚੁਭਦੀਆਂ ਵੀ ਹੋਣਗੀਆਂ
ਪੀੜ ਹੁੰਦੀ ਹੋਵੇਗੀ

ਪਰ ਧਰਤੀ ਮਾਂ ਹੈ
ਉਹ ਹਿੱਲਦੀ ਨਹੀਂ

ਸੋਚਦੀ ਹੋਵੇਗੀ
ਹਿੱਲੀ ਤਾਂ ਸਭ ਕੁੱਝ ਹਿੱਲ ਜਾਵੇਗਾ
ਸੱਟ ਲੱਗ ਜਾਵੇਗੀ ਬੱਚਿਆਂ ਦੇ
ਖੇਡਦੇ ਨੇ ਟਰੇਨਾਂ ਨਾਲ
ਘਰ ਬਣਾਉਣ ਬਣਾਉਣ
ਡੈਮ ਬਣਾਉਂਦੇ ਨੇ
ਕਦੇ ਪੁੱਟਦੇ ਨੇ ਡੂੰਘਾ ਡੂੰਘਾ

ਮਾਂ ਪਰ ਹਿੱਲਦੀ ਨਹੀਂ
ਲੇਟੀ ਹੈ ਚੁੱਪ ਚਾਪ
ਬੱਚਿਆਂ ਦਾ ਸੋਚਕੇ।

## ਅੰਦਰ ਚੱਲਦੀ ਟਰੇਨ

ਇੱਕ ਟਰੇਨ ਮੇਰੇ ਅੰਦਰ ਚੱਲਦੀ ਹੈ
ਦ੍ਰਿਸ਼-ਦਰ-ਦ੍ਰਿਸ਼
ਖਿਆਲਾਂ ਦੀ ਲੜੀ ਰੁਕਦੀ ਨਹੀਂ

ਖਿਆਲ ਕਿਹੜੇ ਲਾਈਨ ਬਣਾਕੇ ਆਉਂਦੇ ਹਨ
ਇੰਡੀਅਨ ਸੜਕਾਂ ਵਾਂਗ
ਪਤਾ ਨਹੀ ਕੋਈ ਸਕੂਟਰ
ਕੋਈ ਸਾਈਕਲ
ਠੇਲ੍ਹਾ
ਕਾਰ
ਕਿਥੋਂ ਨਿਕਲ ਆਵੇ
ਜਾਂ ਕੋਈ ਪੈਦਲ ਹੀ
ਅਚਾਨਕ ਸਾਹਮਣੇ ਆ ਖੜ੍ਹੇ

ਮਨ ਮੇਰਾ ਦਿੱਲੀ ਦਾ ਰੇਲਵੇ ਸਟੇਸ਼ਨ
ਮਨ ਦੀ ਸੜ੍ਹਕ ਤੇ ਜਾਂਦਿਆਂ
ਤੁਸੀਂ ਲੇਨਾਂ ਚ ਨਹੀਂ ਤੁਰਦੇ
ਇਹ ਲੁਧਿਆਣੇ ਦਾ ਚੌੜਾ ਬਜ਼ਾਰ

ਟੋਰਾਂਟੋ ਦੀ ਗੋ-ਟਰਾਂਜ਼ਿਟ ਵਿੱਚ ਬੈਠਾ
ਮੈਂ ਦੇਖ ਰਿਹਾਂ
ਆਪਣੇ ਅੰਦਰ ਚੱਲਦਾ
ਭਾਰਤੀ ਰੇਲਵੇ

## ਦਿੱਸਹੱਦੇ

ਕੋਈ ਕੋਈ ਮਿਲਦਾ ਹੈ
ਜਿਸ ਵਿੱਚ ਤੁਸੀਂ ਦੇਖ ਸਕੋ ਦੂਰ ਤੱਕ
ਜੋ ਤੁਹਾਡੇ ਸਾਹਮਣੇ ਖੁੱਲ੍ਹ ਜਾਵੇ
ਵਾਦੀ ਚ ਖੁੱਲ੍ਹਦੀ ਖਿੜਕੀ ਦੀ ਤਰਾਂ

ਸਵਾਰੀਆਂ ਦੀ ਇਸ ਭੀੜ ਵਿੱਚ ਇਸ ਤਰਾਂ ਦਾ
ਕੋਈ ਕੋਈ ਮਿਲਦਾ

ਬਹੁਤੀਆਂ-
ਕੰਧਾਂ ਤੇ ਲੱਗੀਆਂ ਤਸਵੀਰਾਂ ਵਰਗੇ
ਨਿਗ੍ਹਾ ਠੋਕਰ ਖਾਕੇ ਵਾਪਿਸ ਮੁੜ ਆਉਂਦੀ
ਬੋਲਦਿਆਂ ਇਸ ਤਰਾਂ ਲੱਗਦਾ
ਜਿਵੇਂ ਅਵਾਜ਼-ਪੀਣੇ ਮਾਈਕ ਅੱਗੇ ਖੜ੍ਹੇ ਹੋਵੋ

ਕੋਈ ਕੋਈ-
ਜੋ ਖਿਆਲਾਂ ਨੂੰ ਪਰਵਾਜ਼ ਦੇ ਸਕੇ
ਦੇ ਦਿਖਾ ਸਕੇ ਦਿਸਹੱਦੇ ਦਾ ਧੁੰਧਲਕਾ
ਜਿਸ ਵਿੱਚ ਛਾਲ ਮਾਰਨ ਲਈ ਜੀ ਕਰੇ

ਸਵਾਰੀਆਂ ਦੀ ਇਸ ਭੀੜ ਵਿੱਚ
ਵਿਰਲਾ ਕੋਈ

ਝੱਲੇ ਦਿਲ ਦੇ ਉਬਾਲਿਆਂ ਦਾ ਹੜ੍ਹ ਵੀ
ਮੈਂ ਵਿੱਚ ਤਰਤੀਬ ਰੱਖਿਆ

# ਇੱਕ ਪਿਓ ਦੀਆਂ ਕਵਿਤਾਵਾਂ

## ਪਹਿਲਾ ਪਿਓ

ਬਿਜਲੀ ਗਰਜਦੀ ਹੈ
ਡਰ ਜਾਂਦਾਂ
ਆਪਣੇ ਬੱਚਿਆਂ ਲਈ ਅਰਦਾਸ ਕਰਦਾਂ

ਕਿਸੇ ਭਿਆਨਕ ਝੱਖੜ ਦੀ
ਭਵਿੱਖਬਾਣੀ ਸੁਣਦਾਂ
ਧਿਆਨ ਬੱਚਿਆਂ ਵੱਲ ਜਾਂਦਾ ਹੈ
ਸੋਚਦਾਂ-
ਹਰ ਪਿਓ
ਆਪਣੇ ਬੱਚਿਆਂ ਬਾਰੇ ਸੋਚ ਰਿਹਾ ਹੋਵੇਗਾ

ਕਿਸੇ ਝੱਖੜ ਦੀ ਜਦ ਖਬਰ ਆਉਂਦੀ ਹੈ
ਕੋਈ ਘਰ ਵਿੱਚ ਬੈਠਾ ਬਜ਼ੁਰਗ
ਕੋਈ ਦਫਤਰ ਵਿਚ
ਕੋਈ ਖੇਤਾਂ ਵਿੱਚ
ਕੋਈ ਸਰਹੱਦ ਤੇ
ਕੋਈ ਕਿਸੇ ਦੂਸਰੇ ਮੁਲਕ ਵਿੱਚ
ਬੱਚਿਆਂ ਬਾਰੇ ਸੋਚਦਾ।

ਜੋ ਮਰ ਗਏ
ਉਸ ਅਸਮਾਨ ਵਿੱਚ ਬੈਠੇ
ਆਪਣੇ ਬੱਚਿਆਂ ਦੀ ਫਿਕਰ ਕਰਦੇ ਹਨ
ਅੱਗੇ ਉਨ੍ਹਾਂ ਦੇ ਪਿਓ
ਉਨ੍ਹਾ ਤੋਂ ਅਗਲੇ ਪਿਓ

ਪਿਓਆਂ ਦੇ ਪਿਓ
ਪਿਓਆਂ ਦੇ ਪਿਓ
ਪਿਓਆਂ ਦੇ ਪਿਓ
ਪਿਓਆਂ ਦੇ ਪਿਓ
......
.....
......
ਅਤੇ ਅਖੀਰ ਵਿੱਚ
ਬਾਬਾ ਆਦਮ
ਅੱਗੇ ਉਸਦਾ ਪਿਓ
.....
ਜਦ ਬਿਜਲੀ ਗਰਜਦੀ ਹੈ
ਇਸਦਾ ਕਾਂਬਾ
ਪਹਿਲੇ ਪਿਓ ਤੱਕ ਪਹੁੰਚਦਾ ਹੋਵੇਗਾ।

## ਬਿਰਧ ਕਾਇਨਾਤ

ਬਿਰਧ ਬਾਬਾ ਕੋਈ
ਦੇਖ ਰਿਹਾ ਹੈ ਪੋਤਿਆਂ ਨੂੰ
    ਹੱਸਦੇ-ਖੇਡਦੇ
    ਚਹਿਕਦੇ
    ਟਪੂਸੀਆਂ ਮਾਰਦੇ
    ਗੱਲਾਂ ਕਰਦੇ ਨਿੱਕੀਆਂ ਨਿੱਕੀਆਂ
    ਆਲੀਆਂ ਭੋਲੀਆਂ
ਕਾਇਨਾਤ ਵੀ ਸਾਨੂੰ ਦੇਖਦੀ ਹੋਵੇਗੀ ਇਸੇ ਤਰਾਂ

ਕਾਇਨਾਤ ਵੀ ਬਹੁਤ ਬਿਰਧ ਹੋ ਗਈ ਹੋਣੀ ਹੈ ਹੁਣ
ਕਿੰਨੀਆਂ ਹੀ ਪਰਲੋਆਂ ਦੇਖ ਚੁੱਕੀ ਹੈ
ਕਿੰਨੀਆਂ ਹੀ ਗਲੈਕਸੀਆਂ
ਬਣਦੀਆਂ -ਮਿਟਦੀਆਂ
ਟਰੇਨਾਂ ਦੀ ਤਰਾਂ ਗੁਜ਼ਰਦੇ ਤਾਰਾ ਸਮੂਹ
ਬਿਰਧ ਕਾਇਨਾਤ
ਸਾਨੂੰ ਦੇਖਦੀ ਹੋਣੀ ਹੈ
ਬਾਬੇ ਦੀ ਤਰਾਂ

## ਪਿਓ ਦੀ ਇਬਾਦਤ

ਦੇਖਕੇ ਅਣਡਿੱਠ ਕਰ ਦੇਣਾ ਔਗੁਣ ਬੱਚਿਆਂ ਦੇ
ਪੀ ਜਾਣਾ ਦੁਖ ਆਪਣਾ ਚੁੱਪਚਾਪ
ਦੁਖਦੇ ਮੋਢਿਆਂ ਨਾਲ
ਖਿੱਚੀ ਜਾਣਾ ਘਰ ਦੀ ਗੱਡੀ
ਇਹ ਇਬਾਦਤ ਹੈ ਪਿਤਾ ਦੀ

ਜਿਵੇਂ
ਧਰਤੀ ਦੀ ਇਬਾਦਤ ਹੈ ਮਾਫ ਕਰ ਦੇਣਾ
   ਇਨਸਾਨਾਂ ਦੀ ਤਰੱਕੀ
   ਬਰਬਾਦੀ ਜੰਗਲਾਂ ਦੀ
   ਨਦੀਆਂ ਦੀ
   ਅਕਾਸ਼ ਦੀ
ਧੋ ਦੇਣਾ ਹਰ ਮੀਂਹ ਨਾਲ
ਔਲਾਦ ਦੇ ਗੁਨਾਹ

ਜਿਵੇਂ
ਕਾਇਨਾਤ ਦੀ ਇਬਾਦਤ
ਢਕ ਲੈਣਾ ਗੁਨਾਹ ਆਤਮਾਵਾਂ ਦੇ
ਮਨਾਂ ਦੀ ਭਟਕਣ
ਧਿਆਨ ਦੀ ਥਿੜ੍ਹਕਣ
ਗਲੇ ਲਾ ਲੈਣਾ ਖੁਆਰ ਹੋਇਆਂ ਨੂੰ

ਪਿਓ ਦੀ ਇਬਾਦਤ ਵਿੱਚ ਸਭ ਕੁੱਝ ਆ ਜਾਂਦਾ ਹੈ

ਪਿਓ ਦੀ ਇਬਾਦਤ ਬਣਾਉਂਦੀ ਹੈ ਉਸਨੂੰ
ਪਿਓ
ਧਰਤੀ
ਕਾਇਨਾਤ!

## ਮੁੰਡੇ

ਨਿੱਕੇ ਨਿੱਕੇ ਮੁੰਡੇ
ਬਿੱਲੀਆਂ ਨੂੰ ਦੇਖਕੇ ਖੁਸ਼ ਹੁੰਦੇ
ਗਲੀਆਂ ਵਿੱਚ ਸਾਈਕਲ ਭਜਾਉਂਦੇ
ਕੰਪਿਊਟਰ ਗੇਮਾਂ ਵਿੱਚ ਬਿਜ਼ੀ
ਸਕੂਲ ਬੱਸਾਂ ਦੀਆਂ ਕਤਾਰਾਂ ਵਿੱਚ ਖਲੋਤੇ
ਆਈਸ ਕਰੀਮ ਦਾ ਨਾਂ ਸੁਣਕੇ
ਜੋ ਉਛਲ ਪੈਂਦੇ
ਇਨ੍ਹਾਂ ਸਾਰੇ ਮੁੰਡਿਆਂ ਅੰਦਰ
ਪਿਓ ਲੁਪਤ ਹਨ

ਪਿਓ ਜੋ ਲੜਦੇ ਹਨ ਜੀਵਨ ਨਾਲ
ਫਿਕਰਾਂ ਦੇ ਨਪੀੜੇ ਹੋਏ
ਜਿਸਮ ਦੀ ਥਕਾਵਟ ਨਾਲ ਲੜਦੇ
    ਬੇਅਰਾਮ
    ਬੇਚੈਨ
    ਫਰਜ਼ਾਂ ਦੀ ਗੱਡੀ ਨੂੰ ਧੂੰਹਦੇ ਹੋਏ
    ਮੌਤ ਦੇ ਕੰਢੇ ਤੱਕ ਪਹੁੰਚਾਉਣ ਲਈ ਦ੍ਰਿੜ੍ਹ

ਇਨ੍ਹਾਂ ਮੁੰਡਿਆਂ ਅੰਦਰ
ਲੁਕੇ ਹਨ ਪਿਓ
        ਬੀਜ ਦੀ ਤਰਾਂ

## ਗ੍ਰਹਿਸਥ ਤਪ

ਉਹ ਚੁੱਪ ਹੈ
ਫਰਜ਼ਾਂ ਵਿੱਚ ਜਿਊਂਦਾ ਹੈ
ਧੀ ਬਾਰੇ ਸੋਚਦਾ
ਧੀ ਜੋ ਉਸ ਨੂੰ ਪਿਓ ਬਣਾਉਂਦੀ ਹੈ

ਕਦੇ ਕਦੇ ਉਸ ਨੂੰ ਲੱਗਦਾ
ਜਿਵੇਂ ਉਹ ਮੁੰਡਾ ਹੈ ਆਪਣੇ ਪਿੰਡ ਦਾ
ਸੁਪਨਿਆਂ ਨਾਲ ਭਰਿਆ ਹੋਇਆ
ਧੀ ਨੂੰ ਦੇਖਕੇ ਯਾਦ ਆਉਂਦਾ
ਨਹੀਂ, ਉਹ ਤਾਂ ਪਿਓ ਹੈ

ਮਿਹਣੇ ਤੇ ਚੋਭਾਂ
ਉਸਦੀ ਚੁੱਪ ਤੋੜਦੇ
ਕੁੱਝ ਠਾਹ ਦੇ ਕੇ ਸਿੱਰ ਵਿੱਚ ਵੱਜਦਾ ਹੈ
ਜਿਵੇਂ ਕਿਸੇ ਗਰੀਬ ਦੀ ਕੁਟੀਆ ਵਿੱਚ
ਡੰਗਰ ਆ ਵੜਨ
ਉਹ ਮੱਝਾਂ ਵੱਲ ਦੇਖਦਾ ਹੈ
    ਮੱਝਾਂ ਵੀ ਧੀਆਂ ਹਨ
    ਉਹ ਚੁੱਪ ਕਰ ਜਾਂਦਾ ਹੈ
    ਪਿਓ ਬਣ ਜਾਂਦਾ ਹੈ ਫੇਰ

ਪਿਓ ਬਣਨਾ ਤੇ ਪਿਓ ਰਹਿਣਾ ਵੀ
ਸਾਧਨਾ ਹੈ ਕੋਈ
ਗ੍ਰਹਿਸਥ-ਤਪ

**ਧੀਆਂ**

ਸਭ ਧੀਆਂ ਹੀ ਤਾਂ ਹਨ
ਔਰਤ ਤਾਂ ਕੋਈ ਵੀ ਨਹੀਂ

ਸੋਹਣੀਆਂ
ਕੁਸੋਹਣੀਆਂ
ਸਿਆਣੀਆਂ
ਕੁੱਝ ਝੱਲ-ਵਲੱਲੀਆਂ
ਸਭ ਧੀਆਂ ਹਨ

ਬਦਸੂਰਤ ਤਾਂ ਕੋਈ ਵੀ ਨਹੀਂ
ਧੀਆਂ ਵੀ ਕਦੇ ਬਦਸੂਰਤ ਹੁੰਦੀਆਂ

ਜਿਨ੍ਹਾਂ ਨੂੰ ਤੁਸੀਂ ਬਦ ਕਹਿੰਦੇ ਹੋ
    ਭਟਕੀਆਂ ਹੋਈਆਂ
    ਥਿੜਕੀਆਂ ਹੋਈਆਂ
ਧੀਆਂ ਹੀ ਤਾਂ ਹਨ
ਧੀਆਂ ਵੀ ਕਦੇ ਬਦਚਲਨ ਹੁੰਦੀਆਂ

ਜੋ ਹਵਸ ਦਾ ਸਮਾਨ ਬਣ ਰਹੀਆਂ
    ਅਨਾਥ ਆਸ਼ਰਮਾਂ ਵਿੱਚ
    ਹੋਟਲਾਂ ਵਿੱਚ
    ਹਨੇਰੀਆਂ ਗਲੀਆਂ ਵਿਚ
    ਕੰਪਿਊਟਰ ਸਕਰੀਨਾਂ ਤੇ
    ਮਨਾਂ ਵਿੱਚ

ਸਭ ਧੀਆਂ ਹਨ

ਜਿਨ੍ਹਾਂ ਨੂੰ ਵਰਗਲਾ ਲਿਆ ਹੈ
ਮੋਹਣੀ ਦੁਨੀਆ ਨੇ
ਸਕਰੀਨਾਂ ਨੇ
ਸਮਾਨ ਨੇ
ਜੋ ਨਿਰਵਸਤਰ ਹਨ ਆਪਣੇ ਆਪ ਹੀ
ਸਾਰੀਆਂ ਧੀਆਂ ਹਨ

**ਪਿਤਾ**

ਤੂੰ ਪਿਓ ਹੈਂ ਤੇ
ਸਾਨੂੰ ਕੋਈ ਫਿਕਰ ਨਹੀ

ਤੂੰ ਘਰ ਵਿੱਚ ਨਹੀਂ ਹੁੰਦਾ
ਪਰ ਹੁੰਦਾ ਹੈਂ
    ਛੱਤ ਤੇ
    ਦਰਵਾਜਿਆਂ ਤੇ
    ਹਨੇਰੇ ਕੋਨਿਆਂ ਵਿਚ
    ਬਿਲਾਂ ਵਿਚ
ਤੂੰ ਅਦਿਸ ਰਹਿੰਦਾ ਹੈਂ
ਜਿਵੇਂ ਖੁਦਾ ਅਦਿਸ ਰਹਿੰਦਾ ਹੈ
ਜਦ ਡਰ ਲੱਗਦਾ
    ਅਸੀਂ ਉਸ ਨੂੰ ਯਾਦ ਕਰਦੇ ਹਾਂ
    ਜਦ ਕੋਈ ਕਾਕਰੋਚ ਨਿਕਲਦਾ ਹੈ
    ਜਦ ਰਾਤ  ਨੂੰ ਖੜਕਾ ਹੁੰਦਾ ਹੈ
    ਉਹ ਸਾਡੀ ਰੱਖਿਆ ਕਰਦਾ ਹੈ
                ਕਾਕਰੋਚਾਂ ਤੋਂ
                ਨ੍ਹੇਰੇ ਦੇ ਖੜਕਿਆਂ ਤੋਂ
ਪਿਤਾ ਦਿਸਦਾ ਨਹੀਂ ਹੈ
ਚੁੱਪਚਾਪ ਰਹਿੰਦਾ ਹੈ

ਦੀਵਾਰਾਂ ਨਾਲ
ਛੱਤਾਂ ਤੇ
ਦਰਵਾਜਿਆਂ ਅੱਗੇ
ਖੜ੍ਹਾ ਰਹਿੰਦਾ ਹੈ
ਹਿਫਾਜ਼ਤ ਲਈ।

## ਜਦ ਇਹ ਵੱਡੇ ਹੋਣਗੇ

ਨਿੱਕੇ-ਨਿੱਕੇ ਮੁੰਡੇ ਜਦੋਂ ਵੱਡੇ ਹੋਣਗੇ
ਇਹ ਚਿਹਰੇ ਜਦੋਂ
ਮਾਸੂਮ ਨਹੀਂ ਰਹਿਣਗੇ
ਇਨ੍ਹਾਂ ਮੁਸਕਾਨਾਂ ਨੂੰ ਜਦੋਂ
ਢਕ ਲਵੇਗੀ ਦੁਨੀਆ
ਠੁਮਕ-ਠੁਮਕ ਤੁਰਦੇ ਪੈਰ
ਜਦ ਬੋਝਲ ਹੋ ਜਾਣਗੇ
ਅੱਖਾਂ ਤੇ ਜਦੋਂ
ਫਿਕਰਾਂ ਦੀ ਪਰਤ ਜਮ ਜਾਵੇਗੀ
ਵਿਚਾਰਾਂ ਦੇ ਗੁਬਾਰ ਚੜ੍ਹ ਜਾਣਗੇ
ਇਹ ਮੁੰਡੇ ਬਹੁਤ ਯਾਦ ਆਉਣਗੇ।

ਇਨ੍ਹਾਂ ਮੁੰਡਿਆਂ ਖਿਲਾਫ
ਚੱਲ ਰਹੀ ਹੈ ਤੀਸਰੀ ਜੰਗ
ਜੰਗ ਜੋ ਦਿਸਦੀ ਨਹੀਂ
   ਟਪੂਸੀਆਂ ਮਾਰਦੇ ਨਾਇਕ
   ਫਿਲਮਾਂ ਵਾਲੇ ਕਾਗਜ਼ੀ ਸ਼ੇਰ
   ਟੀ ਵੀ ਸਕਰੀਨਾਂ ਚੋਂ ਵਰ੍ਹਦੀ ਬਣਾਉਟੀਪਣ ਦੀ ਜ਼ਹਿਰ
   ਡਿਵਾਇਸਾਂ ਚੋਂ ਨਿਕਲ ਰਹੀ ਐਟਮੀ ਖੁਰਾਕ

ਇਹ ਮੂਕ ਜੰਗ
ਖਾਣ ਨੂੰ ਫਿਰਦੀ ਹੈ ਸਾਡੇ ਮੁੰਡਿਆਂ ਨੂੰ

ਮੈਂ ਪਤੰਗ ਉਡਾ ਰਿਹਾਂ ਇਨ੍ਹਾਂ ਲਈ
ਵੰਡ ਰਿਹਾਂ ਇਨ੍ਹਾਂ ਨੂੰ
ਕਵਿਤਾ ਦੀਆਂ ਫੁੱਲਝੜੀਆਂ

ਇਹ ਮੁੰਡੇ ਬਹੁਤ ਯਾਦ ਆਉਣਗੇ
ਜੰਗ ਤੋਂ ਬਾਅਦ

## ਥਮਲੇ

ਦੁਨੀਆ ਦੇ ਝੱਖੜ ਵਿੱਚ
ਪਿਓ ਸਾਡੇ ਥਮਲੇ

ਥਮਲਿਆਂ ਨੂੰ ਪਕੜਕੇ
ਝੱਖੜਾਂ ਤੋਂ ਬਚੇ ਹਾਂ ਅਸੀਂ

ਦੁਨੀਆ ਹਿੱਲ ਰਹੀ ਹੈ
ਟੈਂਟ ਵਾਂਗ
ਸਾਨੂੰ ਥਮਲਿਆਂ ਦਾ ਸਹਾਰਾ

## ਪਿਓ ਦੀ ਬਾਤ

ਇੱਕ ਵਾਰ ਦੀ ਗੱਲ ਹੈ
ਇਨਸਾਨਾਂ ਨੂੰ ਇੱਕ ਕਹਾਣੀ ਫੁਰੀ
ਕਿ ਇਨਸਾਨ ਬਾਂਦਰਾਂ ਤੋਂ ਬਣੇ ਹਨ

ਬਾਂਦਰਾਂ ਨੇ ਇਸ ਦਾ ਬੁਰਾ ਮਨਾਇਆ
ਬਾਂਦਰਾਂ ਦਾ ਦੇਵਤਾ
ਨਰਾਜ਼ ਹੋ ਗਿਆ

ਵਕਤ ਨੇ ਆਪਣੀ ਖੇਡ ਖੇਡੀ
ਕਰਮਾਂ ਨੇ ਬਦਲਾ ਲਿਆ
ਇਨਸਾਨ ਹੌਲੀ ਹੌਲੀ
ਬਾਂਦਰ ਬਣਨ ਲੱਗਾ
    ਇਨਸਾਨ ਦਾ ਮਨ
    ਚਾਲ-ਢਾਲ
    ਗੱਲਬਾਤ
    ਰਹਿਣ-ਸਹਿਣ
    ਨੱਚਣ-ਕੁੱਦਣ
ਸਭ ਬਾਂਦਰਾਂ ਵਰਗਾ ਹੋਣ ਲੱਗਾ

'ਅੱਛਾ, ਕਿੱਥੇ ਹੋਈ ਸੀ ਇਹ ਗੱਲ?"
ਮੇਰੇ ਬੇਟੇ ਨੇ ਸੁਆਲ ਕੀਤਾ।

“ਇੱਥੇ ਧਰਤੀ ਤੇ
ਆਪਣੇ ਦੌਰ ਵਿੱਚ”
ਮੈਂ ਕਹਾਣੀ ਜਾਰੀ ਰੱਖੀ।

“ਝਠ” ਉਸ ਨੂੰ ਯਕੀਨ ਨਹੀਂ ਆਇਆ।

‘ਦੁਨੀਆ ਨੂੰ ਮਿਊਟ ਕਰਕੇ ਦੇਖ”
ਮੈਂ ਜਵਾਬ ਦਿੱਤਾ।

‘ਸਿੰਗਰਾਂ
ਅਦਾਕਾਰਾਂ
ਮਿਊਜ਼ਕ ਵੀਡੀਓਜ਼
ਫਿਲਮਾਂ
ਸਭ ਨੂੰ ਮਿਊਟ ਕਰਕੇ ਦੇਖ
ਵਰਲਡ ਕੱਪ ਵਿੱਚ ਉਲਝਿਆ ਸੰਸਾਰ
ਕ੍ਰਿਕਟ ਦੇਖਦੇ ਮੁਲਕ
ਫਿਲਮੀ ਹੀਰੋਆਂ ਨੂੰ ਪੂਜਦੇ ਲੋਕ
ਸਟੇਜਾਂ ਤੇ ਬਾਹਾਂ ਹਿਲਾਉਂਦੇ ਲੀਡਰ
ਟੀ ਵੀ ਚੈਨਲਾਂ ਤੇ ਬਹਿਸ ਕਰਦੇ ਵਿਦਵਾਨ
ਸਭ ਬਾਂਦਰ ਲੱਗਦੇ ਹਨ”

“ਸ਼ੌਪਿੰਗ ਸੇਲਾਂ ਲਈ
ਪਾਗਲ ਹੋਏ ਲੋਕ
ਸੁਬ੍ਹਾ-ਸ਼ਾਮ ਦਫਤਰਾਂ ਨੂੰ ਦੌੜੀ ਜਾਂਦੀ ਭੀੜ
ਕੰਨਾਂ ਤੇ ਈਅਰ-ਫੋਨ ਲਾਕੇ ਟਰੇਨਾਂ ਵਿੱਚ ਝੂਮਦੇ ਨੌਜਵਾਨ
ਜਿਵੇਂ ਪਾਗਲ ਹੋਣ ਦੀ ਰੀਹਰਸਲ ਕਰ ਰਹੇ ਹੋਣ

ਸੈਰ ਕਰਦੇ ਸਮੇਂ
ਬਲੂ-ਟੁੱਥ ਨਾਲ ਗੱਲਾਂ ਕਰਦੇ
ਸਭ ਬਾਂਦਰ ਹੀ ਤਾਂ ਲੱਗਦੇ ਹਨ
ਦੁਨੀਆ ਨੂੰ ਇਕ ਵਾਰੀ ਮਿਊਟ ਕਰਕੇ ਦੇਖ"।

"ਬਾਂਦਰਾਂ ਦੇ ਦੇਵਤੇ ਨੇ
ਇਨਸਾਨਾਂ ਤੋਂ ਬਦਲਾ ਲਿਆ ਹੈ"।

## ਪਿਓ ਦਾ ਦਿਲ

ਧੀਆਂ ਨਾਲ ਮੁੰਡਾ ਕੋਈ ਪਿਓ ਬਣਦਾ
ਧੀਆਂ ਨਾਲ ਬੰਦੇ ਅੰਦਰ ਉਪਜਦੀ ਸ਼ਰਮ
ਮੂੰਹ ਚੋਂ ਗਾਹਲ ਨਿਕਲਦੀ ਹੈ ਤਾਂ
ਜ਼ੁਬਾਨ ਦਾ ਨੰਗੇਜ਼ ਦਿਸਦਾ ਹੈ

ਧੀਆਂ ਬਾਰੇ ਸੋਚਕੇ
ਦੁਨੀਆ ਅਸੁਰੱਖਿਅਤ ਲੱਗਦੀ ਹੈ
ਸੜਕਾਂ ਤੇ ਤੁਰਦੇ ਅਦਿੱਸ ਖਤਰੇ
ਮਹਿਸੂਸ ਹੋਣ ਲੱਗਦੇ ਹਨ
ਧੀਆਂ ਜਿਉਂ ਜਿਉਂ ਵੱਡੀਆਂ ਹੁੰਦੀਆਂ
ਬੰਦੇ ਦੇ ਦਿਲ ਅੰਦਰ
ਕੁੱਝ ਵੱਡਾ ਹੁੰਦਾ ਹੈ ਹੌਲੀ ਹੌਲੀ
ਇੱਕ ਬੀਜ ਦੀ ਤਰਾਂ
ਉੱਗਣ ਲੱਗਦਾ ਹੈ ਪਿਓ
ਧੀਆਂ ਦੇ ਵੱਡੀਆਂ ਹੋਣ ਨਾਲ
ਪਿਓ ਦਾ ਰੁੱਖ ਵੱਡਾ ਹੁੰਦਾ
ਉਸ ਨੂੰ ਫਲ ਲੱਗਦੇ

## ਪਿਓ ਦਾ ਦੁੱਖ

ਪਿਉ ਨੂੰ ਡਰ ਲੱਗਦਾ ਹੈ-

ਕਿਤੇ ਬੱਚਿਆਂ ਦੀਆਂ ਆਦਤਾਂ ਨਾ ਵਿਗੜ ਜਾਣ
ਨਿੱਕੇ ਨਿੱਕੇ ਖਤਰਿਆਂ ਤੋਂ ਡਰਦਾ
ਬੱਚਿਆਂ ਦੀ ਸਲਾਮਤੀ ਲਈ
ਦੁਆਵਾਂ ਕਰਦਾ
ਇੱਕ ਨਿੱਕਾ ਜਿਹਾ ਪਿਓ ਹਾਂ

ਹੇ ਰੱਬ!
ਤੇਰੇ ਘਰ ਹਿਟਲਰ ਜੰਮਿਆ
ਰਾਖਸ਼ ਜੰਮੇ
ਜਿਨ੍ਹਾਂ ਲੱਖਾਂ ਮਾਸੂਮ ਮਾਰੇ
ਬੱਚੇ ਦੀਵਾਰਾਂ ਚ ਚਿਣੇ
ਤੂੰ ਜੰਮੇ ਧਰਮੀ ਯੋਧੇ
ਜੋ ਲੋਕਾਂ ਦੇ ਬਾਲਾਂ ਦੀ ਬਲੀ ਦਿੰਦੇ
ਆਪਣੇ ਧਰਮ-ਯੁੱਧ ਲਈ
ਜਿਨ੍ਹਾਂ ਮੰਡੀਆਂ ਚ ਵੇਚੀਆਂ ਯਜ਼ਦੀ ਧੀਆਂ
ਜੋ ਧਰਮਾਂ ਲਈ ਲੜਦੇ ਅਧਰਮ ਯੁੱਗ
ਜੋ ਗੋਲੇ ਸੁੱਟਦੇ
ਘਰਾਂ ਚ ਖੇਡਦੇ ਬਾਲਾਂ ਤੇ
ਲੱਖਾਂ ਪੁੱਤਰ ਤੇਰੇ
ਜਿਹੜੇ ਨਸ਼ਿਆਂ ਖਾ ਲਏ

ਕੁੱਝ ਧਰਮਾਂ  ਨੇ ਖਾ ਲਏ
ਕੁੱਝ ਵਿਚਾਰਾਂ ਨੇ
ਤੂੰ ਨਸ਼ੇੜੀ ਧੀਆਂ ਦਾ ਬਾਪ
ਇਹ ਸਭ ਕੁੱਝ ਕਿਵੇਂ ਦੇਖਦਾ ਹੋਵੇਂਗਾ?

ਮੈਂ ਤਾਂ ਨਿੱਕੇ ਜਿਹੇ ਖੜਕੇ ਤੋਂ ਡਰਕੇ
ਬੱਚਿਆਂ ਲਈ ਦੁਆ ਕਰਨ ਲੱਗਦਾਂ।

## ਬੱਚੇ ਕਿੱਥੇ ਹੁੰਦੇ ਹਨ?

ਬੱਚੇ ਕਿੱਥੇ ਹੁੰਦੇ ਹਨ
ਜਨਮ ਤੋਂ ਪਹਿਲਾਂ
ਜਦ ਉਹ ਨਹੀਂ ਹੁੰਦੇ
ਤੁਹਾਡੀ ਜ਼ਿੰਦਗੀ ਵਿੱਚ
ਬੱਚੇ ਕਿੱਥੇ ਹੁੰਦੇ ਹਨ?

ਅਚਾਨਕ ਆਉਂਦੇ ਹਨ
ਜਿਵੇਂ ਕਿਸੇ ਸਟੇਸ਼ਨ ਤੇ
ਕੋਈ ਮੁਸਾਫਰ ਚੜ੍ਹਦਾ ਹੈ
ਪਿਆਰਾ-ਪਿਆਰਾ
ਤੁਹਾਡੇ ਸਾਹਮਣੇ ਦੀ ਸੀਟ ਤੇ ਬੈਠ ਜਾਂਦਾ

ਬੱਚੇ ਦੱਸ ਨਹੀਂ ਸਕਦੇ ਕਿ ਕਿੱਥੋਂ ਆਏ ਹਨ
ਦਿਲ ਮੰਨਦਾ ਨਹੀਂ ਕਿ
ਇਹ ਨਹੀਂ ਸਨ ਪਹਿਲਾਂ

ਕੀ ਜੀਵਨ ਸਿਰਫ ਕੋਈ ਆਤਸ਼ਬਾਜ਼ੀ ਹੈ
ਜੋ ਜਨਮ ਨਾਲ ਸ਼ੁਰੂ ਹੋਈ ਤੇ ਬੁਝ ਜਾਵੇਗੀ
ਥੋੜ੍ਹੀ ਦੇਰ ਚੱਲਕੇ?

ਦਿਲ ਨਹੀਂ ਮੰਨਦਾ।

ਕੀ ਇਹ ਜਾਦੂ ਹੈ ਕਿਸੇ ਦਾ
ਜੋ ਹਵਾ ਚੋਂ ਪੈਦਾ ਕਰਦਾ ਹੈ ਖਿਡੌਣੇ?
ਜਾਂ ਭਰਮ ਹੈ ਮੇਰੀਆਂ ਅੱਖਾਂ ਦਾ?

ਬੱਚੇ, ਕੋਈ ਗੁੱਝਾ ਭੇਤ
ਇਹ ਕਿੱਥੇ ਹੁੰਦੇ ਹਨ ਜਨਮ ਤੋਂ ਪਹਿਲਾਂ
ਕਿੱਥੋਂ ਆਉਂਦੇ ਨੇ ਸਾਡੇ ਜੀਵਨ ਵਿੱਚ

## ਬੱਚਿਆਂ ਖਾਤਰ

ਇਹ ਨਾਟਕ ਚੱਲਦਾ ਰੱਖਣਾ ਹੈ
ਇਨ੍ਹਾਂ ਬੱਚਿਆਂ ਖਾਤਰ
ਨਿੱਕੇ-ਨਿੱਕੇ ਖੇਡ ਰਹੇ ਵਿਹੜਿਆਂ ਚ
ਪਾਰਕਾਂ ਚ
ਸਕੂਲਾਂ ਦੀ ਬੱਸਾਂ ਵਿੱਚ ਬੈਠੇ
ਠੁਮਕ-ਠੁਮਕ ਤੁਰਦੇ
ਦਾਦੇ ਨਾਲ

ਹਰ ਜੰਗ ਟਾਲਣੀ ਹੈ
ਇਨ੍ਹਾਂ ਬੱਚਿਆਂ ਖਾਤਰ

ਟਰੇਨ ਵਿੱਚ ਬੈਠੇ
ਆਪਣੀ ਮੰਮੀ ਨਾਲ
ਹੈਰਾਨੀ ਨਾਲ ਦੇਖ ਰਹੇ
ਦੌੜ ਰਹੇ ਦ੍ਰਿਸ਼
ਨਵੇਂ ਸ਼ੂਜ਼
ਦੇਖਣ ਚੱਲੇ ਨੇ ਸੀ ਐਨ ਟਾਵਰ

ਟਰੇਨ ਇਹ ਚੱਲਦੀ ਰੱਖਣੀ ਹੈ
ਇਨ੍ਹਾਂ ਬੱਚਿਆਂ ਖਾਤਰ

ਇਹ ਬਿਪਤਾਵਾਂ
ਇਹ ਆਫਤਾਂ
ਇਹ ਜੰਗਾਂ

ਸਭ ਟਾਲ ਦਈਂ
ਤੇ ਪਰਲੋ ਵੀ ਆਪਣੀ
ਅੱਗੇ ਪਾ ਦਈਂ
ਧਰਤੀ ਦੇ ਹਰ ਹਿੱਸੇ ਤੇ
ਬੱਚੇ ਖੇਡ ਰਹੇ ਨੇ।

ਕਾਇਨਾਤ ਇਹ ਚੱਲਦੀ ਰੱਖਣੀ ਹੈ
ਬੱਚਿਆਂ ਦੀ ਖਾਤਰ।

## ਸਮੁੰਦਰ ਡੁੱਲ੍ਹਦਾ ਨਹੀਂ

ਸਮੁੰਦਰ ਸੰਭਾਲ ਲੈਂਦਾ ਸਭ ਕੁੱਝ
    ਸਭ ਲਹਿਰਾਂ
    ਜਵਾਰਭਾਟੇ
    ਨਦੀਆਂ
    ਜੰਗਾਂ
ਸਭ ਮੌਸਮਾਂ ਵਿੱਚ
ਉਹ ਖੇਡਣ ਦਿੰਦਾ ਹੈ ਆਪਣੇ ਅੰਦਰ
   ਮੱਛੀਆਂ ਨੂੰ
   ਮਗਰਮੱਛਾਂ ਨੂੰ
   ਪਣਡੁੱਬੀਆਂ ਨੂੰ
ਸਭ ਨੂੰ ਢਕ ਲੈਂਦਾ ਹੈ

ਸਮੁੰਦਰ ਮੈਨੂੰ
ਪਿਓ ਵਰਗਾ ਲੱਗਦਾ ਹੈ

## ਇੰਟਰਵਿਊ

ਉਸਨੇ ਟਾਈ ਲਈ ਹੈ ਪਿਆਰੀ ਜਿਹੀ
ਤੇ ਨਵੇਂ ਕੱਪੜੇ
ਇੰਟਰਵਿਊ ਤੇ ਜਾ ਰਿਹਾ ਹੈ
ਹੱਥ ਵਿੱਚ ਫਾਈਲ
ਟਰੇਨ ਦੀ ਵਿੰਡੋ ਚੋਂ ਬਾਹਰ ਦੇਖਦਾ ਹੈ
ਉਤਸੁਕਤਾ ਨਾਲ
ਲੱਗਦਾ ਹੈ ਇਸ ਟਰੇਨ ਵਿੱਚ ਪਹਿਲੀ ਵਾਰ ਬੈਠਾ ਹੈ
ਦੇਖਦਾਂ ਉਸ ਵੱਲ
ਨੀਝ ਨਾਲ
ਮੋਹ ਨਾਲ
ਜਿਵੇਂ ਬੇਟਾ ਮੇਰਾ ਵੱਡਾ ਹੋ ਗਿਆ ਹੋਵੇ
ਜਾ ਰਿਹਾ ਹੋਵੇ
ਆਪਣੀ ਪਹਿਲੀ ਇੰਟਰਵਿਊ ਲਈ

ਇਸ ਦੀ ਮਾਂ ਨੂੰ ਅੱਜ
ਚਾਅ ਹੋਵੇਗਾ ਬਹੁਤ
ਭੈਣ ਨੂੰ ਵੀ

ਸੁਪਨੇ ਅੰਗੜਾਈਆਂ ਲੈ ਰਹੇ ਹੋਣਗੇ

ਸੋਚਦਾਂ-
ਜੋ ਇਸ ਦੀ ਇੰਟਰਵਿਊ ਲੈਣਗੇ
ਕੀ ਉਹ ਵੀ ਦੇਖ ਸਕਣਗੇ ਇਸ ਵਿੱਚ

ਆਪਣਾ ਬੇਟਾ
ਕੀ ਉਹ ਹੱਸਣਗੇ ਇਸ ਦੀ ਪਹਿਲੀ ਵਾਰ ਬੰਨ੍ਹੀ ਟਾਈ ਤੇ
ਪਰਖਣਗੇ ਇਸ ਦੇ ਚਿਹਰੇ ਦੀ ਘਬਰਾਹਟ

ਇਹ ਹੋਰ ਘਬਰਾਏਗਾ
ਨਰਵਸ ਹੋਵੇਗਾ
ਜ਼ੁਬਾਨ ਇਸਦੀ ਥਿੜ੍ਹਕੇਗੀ

ਸੋਚਦਾਂ ਇਸ ਨੂੰ ਪਾਸ ਕਰ ਦੇਵਾਂ, ਬਿਨਾਂ ਇੰਟਰਵਿਊ ਦੇ
ਪਿਆਰ ਨਾਲ
ਬਿਨਾਂ ਪਰਖੇ
ਜਿਵੇਂ ਮੈਂ ਪਾਸ ਕਰਦਾਂ ਬੇਟੇ ਆਪਣੇ ਨੂੰ

## ਸਾਬਤ

ਸਭ ਕੁੱਝ ਬਿਖਰ ਗਿਆ ਹੈ ਆਲੇ ਦੁਆਲੇ
ਤੂੰ ਪਰ ਸਾਬਤ ਖੜ੍ਹਨਾ ਹੈ
    ਮਾਂ-ਬਾਪ
    ਘਰ
    ਪਰਿਵਾਰ
    ਰਿਸ਼ਤੇ
    ਕੁੱਝ ਵੀ ਕੋਲ ਨਹੀਂ ਹੈ ਤੇਰੇ

ਤਿੜਕਣ ਲੱਗੀਆਂ ਜੀਵਨ ਦੀਆਂ ਕੰਧਾਂ
ਛੱਤਾਂ ਵਿੱਚ ਸੁਰਾਖ
ਜਿਸਮ ਹਾਰ ਰਿਹਾ ਹੈ
ਮਨ ਪੁਰਾਣਾ ਹੋ ਰਿਹਾ, ਪਰ ਫਿਰ ਵੀ
ਤੂੰ ਖੜ੍ਹਨਾ ਹੈ ਸਾਬਤ ਸਬੂਤਾ
ਜਿਵੇਂ ਤਪ ਨਾਲ ਜਰਜਰ ਸਰੀਰ ਅੰਦਰ
ਸਾਬਤ ਹੁੰਦਾ ਹੈ ਸਾਧੂ ਦਾ ਮਨ!

## ਪਿਓ ਹੋਣਾ

ਸਾਰੇ ਬੱਚੇ ਨੇ

ਛੋਟੇ
     ਵੱਡੇ
          ਜੁਆਨ
               ਬੁੱਢੇ

ਸਭ ਬੱਚੇ ਨੇ

ਸੜਕਾਂ ਕਿਨਾਰੇ ਬੈਠੇ ਹੋਮਲੈੱਸ
   ਜੇਲ੍ਹਾਂ ਵਿੱਚ ਰੁਲਦੇ ਕੈਦੀ
      ਅੱਤਵਾਦੀ
           ਸੱਤਵਾਦੀ

ਸਾਰੇ ਬੱਚੇ ਨੇ
     ਧਿਆਨੀ
       ਨਸ਼ੇੜੀ
           ਰਾਹੀਏ
              ਕੁਰਾਹੀਏ

ਸਭ ਬੱਚੇ ਕਿਸੇ ਦੇ

ਮਾਵਾਂ ਨੇ ਸਭ ਜੰਮੇ ਚਾਵਾਂ ਨਾਲ
ਉਮੀਦਾਂ ਨਾਲ
ਹਰ ਜਿਸਮ,
ਹਰ ਚਿਹਰੇ ਅੰਦਰ ਇੱਕ ਬੱਚਾ

ਇਸ ਬੱਚੇ ਨੂੰ ਦੇਖਕੇ ਮੈਂ ਪਿਓ ਬਣਦਾਂ।

## ਮੁੰਡਿਆਂ ਲਈ ਦੁਆ

ਮੁੰਡੇ ਇਹ ਸੋਹਣੇ ਸੋਹਣੇ
ਪਿਆਰੇ ਪਿਆਰੇ
ਕੰਪਿਊਟਰ ਗੇਮਾਂ ਖੇਡਦੇ
ਪੀਜ਼ਾ ਦੇਖਕੇ ਖਿੜ ਪੈਂਦੇ
ਦੂਰੋਂ ਪਛਾਣ ਲੈਂਦੇ ਮੈਕਡੌਨਲ ਦਾ ਨਿਸ਼ਾਨ
ਨੱਚਦੇ ਟੱਪਦੇ
ਵੱਡੇ ਹੁੰਦੇ ਲਗਰ ਲਗਰ

ਮੇਰੀਆਂ ਸਭ ਦੁਆਵਾਂ ਲੱਗ ਜਾਣ ਇਨ੍ਹਾਂ ਨੂੰ

ਦੇਖ ਸਕਣ ਹਰ ਚਿਹਰੇ ਹੇਠ ਛਿਪੇ ਬੱਚੇ ਨੂੰ
ਇਨ੍ਹਾਂ ਤੇ ਨੂਰ ਹੋਵੇ ਸਾਧੂਆਂ ਵਾਲਾ
ਪਿਓ ਵਾਲਾ ਦਿਲ ਹੋਵੇ
ਜੋ ਲੜ ਸਕੇ ਦੁਖਾਂ ਨਾਲ
ਝੱਲ ਸਕੇ ਮੌਸਮਾਂ ਦੀ ਮਾਰ
ਇਨ੍ਹਾਂ ਦੀ ਨਜ਼ਰ ਵਿੱਚ ਕਵਿਤਾ ਹੋਵੇ

ਇਹ ਸਾਬਤ ਬਚ ਨਿਕਲਣ ਇਸ ਦੌਰ ਚੋ
ਮੇਰੀਆਂ ਸਾਰੀਆਂ ਦੁਆਵਾਂ ਇਨ੍ਹਾਂ ਨੂੰ ਲੱਗ ਜਾਣ

## ਪੁੱਤਰ

ਉਹ ਗਾਰਬੇਜ ਬਿਨ ਫੋਲ ਰਿਹਾ ਹੈ
ਕੋਕ ਤੇ ਜੂਸ ਦੀਆਂ ਖਾਲੀ ਬੋਤਲਾਂ
ਬਚੀਆਂ ਖੁਚੀਆਂ ਜੂਸ ਦੀਆਂ ਬੂੰਦਾਂ ਪੀ ਲੈਂਦਾ ਹੈ ਤੇ
ਖਾਲੀ ਬੋਤਲਾਂ ਪਾ ਲੈਂਦਾ ਬੈਗ ਚ

ਇਸ ਦੀ ਵੀ ਕੋਈ ਮਾਂ ਹੋਵੇਗੀ
ਜਿਊਂਦੀ ਮੋਇਆਂ ਵਰਗੀ ਜਾਂ ਮਰਕੇ ਭਟਕਦੀ ਰੂਹ ਕੋਈ
ਪਿਓ ਇਸ ਦੇ ਨੂੰ ਸ਼ਾਇਦ ਖਬਰ ਨਾ ਹੋਵੇ
ਭੈਣ ਹੋਵੇਗੀ ਕਿਤੇ ਕਮਲੀ

ਮਾਂ ਦੀ ਭਟਕਦੀ ਰੂਹ
ਦੇਖਦੀ ਹੋਵੇਗੀ ਇਸ ਨੂੰ
ਲੋਕਾਂ ਦੀ ਜੂਠ ਪੀਂਦੇ, ਪੁੱਤ ਨੂੰ
ਧਰਤੀ ਵੀ ਦੇਖਦੀ ਹੋਵੇਗੀ
ਕਾਇਨਾਤ ਵੀ

ਮੈਂ ਦੇਖਦਾਂ ਕਦੇ ਇਸ ਨੂੰ
ਕਦੇ ਮਾਂ ਦੀ ਪੀੜ ਨੂੰ
ਕਦੇ ਪਿਓ ਦੇ ਦੁੱਖ ਨੂੰ
ਕਦੇ ਧਰਤੀ ਦੇ ਸਬਰ ਨੂੰ
ਕਦੇ ਕਾਇਨਾਤ ਦੀ ਚੁੱਪ ਨੂੰ

## ਧੀ

ਇਕ ਯਜ਼ਦੀ ਬੱਚੀ ਦਸ ਸਾਲ ਦੀ
ਜੇਹਾਦੀਆਂ ਦੇ ਰੇਪ ਦਾ ਸ਼ਿਕਾਰ ਬਣੀ
ਗਰਭਵਤੀ ਹੋ ਗਈ
ਉਸ ਬੱਚੀ ਦੇ ਅੰਦਰ ਰੇਪ ਦਾ ਬੱਚਾ ਹੈ
ਜੇਹਾਦੀ ਰੇਪ ਦਾ

ਉਸ ਬੱਚੇ ਨੂੰ ਕਿਵੇਂ ਦੇਖੇਗੀ ਸਾਰੀ ਉਮਰ
ਉਹ ਬੱਚਾ ਆਪਣੇ ਆਪ ਨੂੰ
ਕਿੰਙ ਦੇਖੇਗਾ ਵੱਡਾ ਹੋਕੇ

ਦੇਖਦਾਂ ਸਕੂਲ ਜਾਂਦੇ ਬੱਚਿਆਂ ਨੂੰ
ਤੇ ਫੇਰ ਉਸ ਬੱਚੀ ਦੇ
ਮਾਂ ਪਿਓ ਬਾਰੇ ਸੋਚਦਾਂ

## ਗਿਆਨ ਸੁਪਨਾ

ਇਹ ਰਿਸ਼ੀਕੇਸ਼ ਹੈ ਸ਼ਾਇਦ
ਮੇਰੇ ਨਾਲ ਹੈ ਕੋਈ, ਕੋਈ ਆਪਣਾ,
ਨਾਮ ਪਤਾ ਨਹੀਂ।

ਕੋਈ ਫ਼ਕੀਰ ਮਿਲਦਾ ਹੈ, ਗੱਲਬਾਤ ਸ਼ੁਰੂ ਹੁੰਦੀ ਹੈ
ਸੁਆਲ ਜੁਆਬ
ਪੁਛਿਆ ਉਸਨੂੰ: ‘ਕੀ ਮਕਸਦਾ ਹੈ ਜ਼ਿੰਦਗੀ ਦਾ?’
‘ਬੰਦੇ ਦੀ ਜ਼ਿੰਦਗੀ ਦਾ ਮਕਸਦ, ਪਿਓ ਬਣਨਾ’
‘ਔਰਤ ਦੀ ਜ਼ਿੰਦਗੀ ਦਾ ਮਕਸਦ, ਮਾਂ ਬਣਨਾ’।

“ਇਹ ਤਾਂ ਹਰ ਕੋਈ ਬਣ ਜਾਂਦਾ ਹੈ”, ਮੈਂ ਕਿਹਾ,
“ਜਾਨਵਰ ਵੀ”

ਮੇਰਾ ਸੁਆਲ ਪੂਰਾ ਹੋਣ ਤੋਂ ਵੀ ਪਹਿਲਾਂ ਬੋਲਿਆ: ‘ਸਿਰਫ ਬੱਚਾ ਜੰਮਣ ਨਾਲ
ਮਰਦਾ ਪਿਓ ਅਤੇ ਔਰਤ ਮਾਂ ਨਹੀਂ ਬਣਦੀ’

‘ਫੇਰ ਕਿਵੇਂ ਬਣਦੇ ਹਨ’ ਮੈਂ ਪੁੱਛਿਆ।
‘ਮਨ ਅਤੇ ਭਾਵਾਂ ਨਾਲ’ ਉੱਤਰ ਮਿਲਿਆ।

‘ਉਸ ਲਈ ਕੀ ਕਰਨਾ ਪੈਂਦਾ ਹੈ?”
“ਗ੍ਰਹਿਸਥ ਦੀ ਇਬਾਦਤ’

‘ਉਹ ਕਿਵੇਂ?’
‘ਨਿਰਸਵਾਰਥ ਪਿਆਰ ਅਤੇ ਤਿਆਗ, ਮਾਂ ਦੀ ਇਬਾਦਤ,

ਅਤੇ ਨਿਰਸਵਾਰਥ ਫਰਜ਼ਦਾਰੀ ਅਤੇ ਸਬਰ, ਪਿਓ ਦੀ ਇਬਾਦਤ"

ਪਰ ਮੇਰੇ ਸੁਆਲ ਮੁੱਕ ਨਹੀਂ ਸਨ ਰਹੇ:
'ਪਰ ਧਰਮ ਤਾਂ ਰੱਬ ਦੀ ਇਬਾਦਤ ਦੀ ਗੱਲ ਕਰਦੇ ਹਨ'

'ਇਹ ਪਹਿਲੀ ਪੌੜੀ ਹੈ, ਇਸ ਬਗੈਰ ਰੱਬ ਦੀ ਇਬਾਦਤ ਵੀ ਨਹੀਂ ਹੁੰਦੀ'
"ਰੱਬ ਦੇ ਰਸਤੇ ਲਈ ਇਹ ਪਹਿਲੀ ਸ਼ਰਤ ਹੈ"

ਅਜਿਹੇ ਜਵਾਬ ਪਹਿਲਾਂ ਕਦੇ ਪੜ੍ਹੇ ਸੁਣੇ ਨਹੀਂ ਸਨ।

'ਫੇਰ ਮਾਂ ਤੇ ਪਿਓ ਵਿੱਚ ਕੀ ਫਰਕ ਹੁੰਦਾ ਹੈ", ਸੋਚਿਆ ਇਹ ਪੁਛਣਾ ਚਾਹੀਦਾ ਹੈ

"ਮਾਂ ਮਮਤਾ ਦੇ ਜਾਮੇ ਵਿੱਚ ਪਿਓ ਹੈ
ਪਿਓ ਫਿਕਰ ਦੇ ਰੂਪ ਵਿੱਚ ਮਾਂ
ਪਿਓ ਅਦਿੱਖ ਹੁੰਦਾ ਅਕਸਰ
ਮਾਂ ਕੋਲ ਛੂਹ ਹੁੰਦੀ ਹੈ ਧਰਤੀ ਵਾਂਗ
ਮਾਂ ਰੋਂਦੀ ਹੈ
ਪਿਤਾ ਚੁੱਪ ਕਰ ਜਾਂਦਾ ਹੈ
ਮਾਂ ਲੋਰੀ ਦਿੰਦੀ ਹੈ
ਪਿਤਾ ਅਦਿੱਖ ਸਹਾਰਾ
ਮਾਂ ਉਡੀਕਦੀ ਹੈ ਹਰ ਰੋਜ਼
ਪਿਓ ਉਡੀਕਦੇ ਹਨ ਸਾਰੀ ਉਮਰ ਕਿ
ਉਨ੍ਹਾਂ ਦੇ ਜਾਣ ਤੋਂ ਬਾਅਦ
ਬੱਚਿਆਂ ਨੂੰ ਉਨ੍ਹਾਂ ਦੀਆਂ ਗੱਲਾਂ ਸਮਝ ਆਉਣਗੀਆਂ
ਬੱਚੇ ਜਦੋਂ ਖੁਦ ਮਾਂ-ਪਿਓ ਬਣਨਗੇ

ਤਾਂ ਦੇਖ ਸਕਣਗੇ
ਪਿਓ ਦੇ ਅਣਕਹੇ ਪਿਆਰ ਨੂੰ
ਮੂਕ ਫਿਕਰ ਨੂੰ
ਅਣਐਲਾਨੇ ਤਿਆਗ ਨੂੰ
ਪਿਓ ਵੀ ਮਾਂ ਹੀ ਹੁੰਦਾ ਕਿਸੇ ਹੋਰ ਰੂਪ ਵਿੱਚ"
ਇਸ ਵਾਰ ਉਸਦਾ ਜਵਾਬ ਬਹੁਤ ਲੰਬਾ ਸੀ।

"ਇਹ ਸੱਚੀਂ ਮੁੱਚੀਂ ਕੋਈ ਫਕੀਰ ਹੈ ਜਾਂ ਘਰੋਂ ਭੱਜਿਆ ਕੋਈ ਲੇਖਕ"
ਮੈਂ ਨਾਲ ਵਾਲੇ ਨੂੰ ਪੁੱਛਿਆ।
'ਕਹਿੰਦੇ ਐ ਕਿ ਅਸਲੀ ਫਕੀਰ ਕਦੇ
ਪਿੱਛੇ ਮੁੜਕੇ ਨਹੀਂ ਦੇਖਦਾ', ਜਵਾਬ ਆਇਆ।

ਅਗਲੇ ਕੁੱਝ ਪਲ ਅਸੀਂ ਉਸਨੂੰ ਦੇਖਦੇ ਰਹੇ
ਤੇ ਉਹ ਹੌਲੀ ਹੌਲੀ
ਸਾਡੀ ਨਜ਼ਰ ਤੋਂ ਓਹਲੇ ਹੋ ਗਿਆ।

ਅੱਖ ਖੁੱਲ੍ਹੀ,
ਸਮਝ ਨਾ ਆਇਆ ਕਿ ਕਿੱਥੇ ਸੁੱਤਾ ਹਾਂ
ਕੋਈ ਨਵੀਂ ਥਾਂ ਸੀ।

ਦੁਨੀਆ ਨੂੰ ਦੇਖਣਾ ਮੁਹੱਬਤ ਨਾਲ
ਤੇ ਮਾਫ਼ ਕਰ ਦੇਣਾ
ਜਿਵੇਂ ਮਾਂ ਦੇਖਦੀ ਹੈ
ਜਿਵੇਂ ਪਿਓ ਕਰਦਾ ਹੈ

ਧੂਢ

## ਧੂਫ਼

ਕਵਿਤਾ ਬਲ ਰਹੀ ਧੂਫ ਦੀ ਤਰਾਂ
ਧਰਤੀ ਇਸ ਨਾਲ ਮਹਿਕਦੀ
ਜਿਊਂਦੀ ਲੱਗਦੀ
ਤੇ ਕਾਇਨਾਤ ਜਾਗਦੀ

ਬਲ ਰਹੀ ਕਵਿਤਾ ਧੂਫ ਦੀ ਤਰਾਂ

ਹਰ ਸ਼ੈਅ ਚ ਕਵਿਤਾ-
    ਨਿਸ਼ਾਨੀਆਂ ਮੁਹੱਬਤ ਦੀਆਂ
    ਸ਼ਗਨਾਂ ਦੇ ਚੂੜੇ
    ਬਜ਼ੁਰਗਾਂ ਦੇ ਪੈਰੀਂ ਹੱਥ
    ਬੱਚਿਆਂ ਨੂੰ ਅਸ਼ੀਰਵਾਦ
    ਮੁਹੱਬਤ ਦੀਆਂ ਮਾਸੂਮ ਸਹੁੰਆਂ
    ਗੁਰੂ ਅਸਥਾਨਾਂ ਤੇ ਮੱਥਾ ਟੇਕਦੇ ਲੋਕ
    ਪਿੱਪਲ ਅੱਗੇ ਰੱਖਿਆ ਦੀਵਾ
    ਖੁਆਜਾ ਦੇਵਤਾ
    ਬਲਦਾਂ ਦੇ ਪੈਰਾਂ ਵਿੱਚ ਘੁੰਗਰੂ
    ਮੰਮੀ ਲਈ ਬਣਾਇਆ ਬਰਥ ਡੇ ਕਾਰਡ
    ਸਭ ਕਵਿਤਾ ਹੈ

ਰੱਬ ਦੇ ਸਭ ਖਿਡੌਣੇ-
    ਕੁੱਤੇ ਜੋ ਸਮਝਦੇ ਇਨਸਾਨਾਂ ਦੀ ਬੋਲੀ
    ਸਪੇਰੇ
    ਗਊ ਮਾਤਾ

ਮਿੱਠਾ ਬੋਲਦੇ ਤੋਤੇ
ਬਾਜ
ਸਭ ਕਵਿਤਾ ਹੈ

ਕਵਿਤਾ ਹੈ ਫੁੱਲਝੜੀਆਂ ਦੀ ਬਗਾਵਤ
ਮਸ਼ੀਨਾਂ ਤੋਂ
ਰੂਟੀਨਾਂ ਤੋਂ
ਤੇ ਫਾਹੀਆਂ ਮਹੀਨਾਂ ਤੋਂ

ਕਵਿਤਾ ਕਾਇਨਾਤ ਦੇ ਜਾਗਦੀ ਹੋਣ ਦੀ ਗਵਾਹੀ

## ਕਵੀ

ਕਵੀ ਬਹੁਤ ਥੋੜ੍ਹੇ ਬਚੇ ਨੇ ਹੁਣ, ਦੇਸੀ ਅੰਬਾਂ ਦੀ ਤਰਾਂ
ਕਵੀਆਂ ਦਾ ਹੋਣਾ-
ਜਿਵੇਂ ਗਾਇਕੀ ਵਿੱਚ ਸਰੋਦ
ਦਾਲ ਤੇ ਧਨੀਏ ਦੀ ਖ਼ੁਸ਼ਬੂ
ਹੱਥ ਤੇ ਬੰਨੀ ਸ਼ਗਨਾਂ ਦੀ ਖੰਮਣੀ
ਜਿਵੇਂ ਕੋਈ ਤੇਲ ਚੋਂਦਾ ਹੈ
ਘਰ ਆਏ ਮਹਿਮਾਨ ਲਈ

ਹਾਜ਼ਰੀ ਕਵੀਆਂ ਦੀ—
ਜਿਵੇਂ ਹਸਪਤਾਲ ਵਿੱਚ ਗੁੱਗਲ ਦੀ ਖ਼ੁਸ਼ਬੂ
ਬਿਜ਼ਨਸ ਮੀਟਿੰਗ ਵਿੱਚ ਲੱਗੀ ਧੂਫ
ਕਿਸੇ ਪੁਲਿਸ ਅਫਸਰ ਦੀ ਚਾਲ ਵਿੱਚ ਨਿਮਰਤਾ
ਰਾਜਾ ਜਿਵੇਂ ਕੋਈ ਫਕੀਰ ਲੱਗੇ

ਕਵੀ ਬਹੁਤ ਥੋੜ੍ਹੇ ਬਚੇ ਹਨ ਅਜੱਕਲ੍ਹ।

**ਕਵਿਤਾ-1**

ਉਹ ਖੀਰੇ ਕੱਟਦਾ ਹੈ ਗੋਲ ਗੋਲ
ਟਮਾਟਰ
ਮੂਲੀਆਂ
ਤੇ ਸਲੀਕੇ ਨਾਲ ਸਜਾਉਂਦਾ ਹੈ ਸਲਾਦ ਦੀ ਪਲੇਟ ਜਾਂ
ਔਰਤ ਕੋਈ ਰੋਟੀਆਂ ਬਣਾਉਂਦੀ ਗੋਲ ਗੋਲ
ਨਵੀਂ ਕਾਪੀ ਦੇ ਪਹਿਲੇ ਪੰਨੇ ਤੇ ਲਿਖਿਆ 'ਵਾਹਿਗੁਰੂ'
ਨਵੀਂ ਖਰੀਦੀ ਕਾਰ ਤੇ ਬੰਨ੍ਹਿਆ ਲਾਲ ਰਿਬਨ
ਕਿਸੇ ਮੂਰਤੀ ਦੇ ਮੱਥੇ ਤੇ ਲਾਇਆ ਸੰਧੂਰ
ਭਜਨ ਗਾ ਰਹੀ ਕੋਈ ਬਿਰਧ ਮਾਤਾ
ਇਹ ਸਭ ਕਵੀ ਹਨ।

**ਕਵਿਤਾ-2**

ਗੱਲਾਂ ਕਰਦੇ ਪੰਛੀ
ਜਾਣੀ ਜਾਣ ਮਾਵਾਂ ਜੋ ਬੁੱਝ ਲੈਂਦੀਆਂ ਬੱਚਿਆਂ ਦਾ ਦੁੱਖ
ਦਿਲ ਦੀ ਜਾਣਾ ਲੈਣਾ ਤੇਰਾ
ਜਾਂ ਧੜਕਣਾ ਮੇਰਾ ਤੇਰੀ ਮੌਜੂਦਗੀ ਵਿੱਚ
ਕਿਸੇ ਨੂੰ ਯਾਦ ਕਰਨਾ ਤੇ ਫੋਨ ਆ ਜਾਣਾ

ਦਿਲ ਨੂੰ ਕੁੱਝ ਹੋਣਾ
ਜਾਣ ਲੱਗਿਆਂ
ਘਰ ਬਦਲਣ ਵੇਲੇ
ਪੁਰਾਣੀ ਕਾਰ ਕਬਾੜ ਵਿੱਚ ਵੇਚਦਿਆਂ

ਕਿਸੇ ਦਾ ਸਿਤਮ ਦੇਖਣਾ ਚੁੱਪ ਚਾਪ
ਤੇ ਮਾਫ ਕਰ ਦੇਣਾ
ਦੇਖਕੇ ਬੇਵਕੂਫੀਆਂ ਕਿਸੇ ਦੀਆਂ
ਅਣਡਿੱਠ ਕਰ ਦੇਣਾ

ਮਹਿਸੂਸ ਕਰਨਾ ਤੇਰੀ ਮੌਜੂਦਗੀ ਨੂੰ ਭੀੜ ਚ
ਤੇ ਇਕੱਲੇ  ਹੋ ਜਾਣਾ
ਯਾਰਾਂ ਨਾਲ ਬੈਠਕੇ ਚਾਹ ਪੀਣਾ

ਅੱਖਾਂ ਦਾ ਨਮ ਹੋਣਾ ਧਰਤੀ ਦਾ ਦੁਖ ਦੇਖਕੇ

ਉਦਾਸੀ ਦੇਖਕੇ ਬੱਚਿਆਂ ਦੇ ਚਿਹਰੇ ਤੇ
ਬਜ਼ੁਰਗਾਂ ਦੀ ਬੇਬਸੀ ਦੇਖਕੇ
ਭੈਣਾਂ ਦਾ ਗ਼ਮ ਜਾਣਕੇ
ਦੁਖ ਆਪਣੇ ਨੂੰ ਪੀ ਜਾਣਾ

ਇਹ ਸਭ ਕਵਿਤਾ ਹੈ
ਕਵਿਤਾ ਬੰਦੇ ਦੀ ਘਰ ਵਾਪਸੀ।

## ਔਰਗੈਨਿਕ ਸ਼ਬਦ

ਸਾਰੀ ਰਾਤ ਹਾਰੇ ਚ ਕੜ੍ਹੇ ਦੁੱਧ ਤੇ
ਜੋ ਲਾਲੀ ਹੁੰਦੀ ਹੈ ਨਾ
ਉਹ ਤੂੰ ਨਹੀਂ ਦੇਖੀ

ਖੇਤ ਚੋਂ ਪੁੱਟਕੇ ਖਾਧੀ ਮੂਲੀ ਚ
ਜੋ ਮਿਠਾਸ ਹੁੰਦੀ ਸੀ
ਤੈਨੂੰ ਉਹ ਨਹੀਂ ਪਤਾ

ਘੁਲਾੜੀ ਤੇ ਬਣਿਆ ਤੱਤਾ ਗੁੜ
ਜਿਵੇਂ ਸ਼ੂਗਰ ਨਹੀਂ ਹੁੰਦਾ
ਤੂੰ ਉਹ ਨਹੀਂ ਜਾਣਦਾ

ਘਰ ਦਾ ਦੇਸੀ ਘਿਓ
ਜਿਵੇਂ ਫੈਟ ਨਹੀਂ ਹੁੰਦਾ
ਤੂੰ ਇਹ ਨਹੀਂ ਪੜ੍ਹਿਆ

ਮੁਹੱਬਤ ਸਿਗਰਟ ਦੀ ਲਤ ਨਹੀਂ
ਬਾਰਾਂ ਸਾਲ ਦਾ ਤਪ ਹੈ
ਇਹ ਪਰੀ ਕਥਾ ਹੋਵੇਗੀ ਤੇਰੇ ਲਈ

ਕਾਰਟੂਨ ਤੇ ਅਸਲੀ ਬੰਦੇ ਚ
ਕੀ ਫਰਕ ਹੁੰਦਾ ਹੈ

ਤੂੰ ਇਹ ਮਹਿਸੂਸ ਕਰ ਸਕੇਂਗਾ
ਪਰ ਜਾਣਦਾ ਨਹੀਂ ਅਜੇ

ਜੇ ਜਾਨਣਾ ਹੈ ਇਹ ਸਭ ਕੁੱਝ
ਸਮਝਣਾ ਪਵੇਗਾ ਤੈਨੂੰ ਕਿ
ਸ਼ਬਦਾਂ ਦੇ ਫਾਸਟ ਫੂਡ ਅਤੇ
ਕਵਿਤਾ ਵਿੱਚ ਕੀ ਫਰਕ ਹੁੰਦਾ ਹੈ

## ਨੰਗੇ ਪੈਰ

ਮਾਂ ਧਰਤੀ ਨੂੰ ਸਕੂਨ ਮਿਲਦਾ
ਜਦ ਛੂੰਹਦਾ ਕੋਈ ਨੰਗੇ ਪੈਰਾਂ ਨਾਲ
ਜਦ ਕੋਈ ਹੱਥ ਲਾਉਂਦਾ ਉਸਦੇ ਪਿੰਡੇ ਨੂੰ
ਮੱਥਾ ਟੇਕਦਾ
ਲਿਟਦਾ ਉਸਦੀ ਗੋਦੀ ਚ
ਜਿਵੇਂ ਨਿੱਕਾ ਬੱਚਾ ਲੇਟਦਾ ਹੈ
ਪਿਓ ਦੇ ਢਿੱਡ ਤੇ
ਸਕੂਨ ਮਿਲਦਾ ਪਿਓ ਨੂੰ
ਬੱਚੇ ਦੀ ਛੂਹ ਨਾਲ

ਧਰਤੀ ਨੂੰ ਵੀ ਚੰਗੇ ਲੱਗਦੇ
ਉਸਦੀ ਗੋਦੀ ਚ ਖੇਡਦੇ ਬੱਚੇ
ਮਿੱਟੀ ਉਡਾਉਂਦੇ
ਖੇਤਾਂ ਚ ਬੈਠੇ ਕਿਸਾਨ
ਧਰਤੀ ਦੇ ਜਿਸਮ ਨੂੰ ਹੱਥ ਲਾਉਂਦੇ
ਖੁਆਜੇ ਨੂੰ ਮੱਥਾ ਟੇਕਦੇ
ਪੰਗਤ ਚ ਬੈਠਕੇ ਲੰਗਰ ਛਕਦੇ ਲੋਕ

ਜੁੱਤਿਆਂ ਦੀ ਸਭਿਅਤਾ ਵਿੱਚ
ਤਰਸੀ ਧਰਤੀ ਮਾਂ ਇਨਸਾਨਾਂ ਦੀ ਛੂਹ ਲਈ
ਨੰਗੇ ਪੈਰਾਂ ਲਈ
ਹੱਥਾਂ ਦੀ ਛੂਹ ਲਈ

**ਪੇਂਡੂ ਲੋਕ**

ਇਸ ਤੋਂ ਪਹਿਲਾਂ ਕਿ ਪ੍ਰਜਾਤੀ ਇਹ ਖਤਮ ਹੋ ਜਾਵੇ
ਧਰਤੀ ਮਾਂ ਪਾਸਾ ਪਲਟੇਗੀ

ਲੋਕ ਜੋ ਛੂੰਹਦੇ ਧਰਤੀ ਨੂੰ
ਹੱਥਾਂ ਨਾਲ
ਪੈਰਾਂ ਨਾਲ
ਨੰਗੇ ਜਿਸਮ ਨਾਲ
ਇਨ੍ਹਾਂ ਦੇ ਅਲੋਪ ਹੋਣ ਤੋਂ ਪਹਿਲਾਂ
ਮਾਂ ਪਾਸਾ ਲਏਗੀ

ਜੋ ਬੈਠਦੇ ਦਰਖਤਾਂ ਥੱਲੇ
ਧੁੱਪ ਸੇਕਦੇ ਮੰਜੀਆਂ ਤੇ ਬੈਠੇ
ਫਸਲਾਂ ਉਗਾਉਂਦੇ
ਧਰਤੀ ਦੇ ਢਿੱਡ ਤੇ ਕੁਤਕੁਤਾੜੀਆਂ ਕਰਦੇ

ਜੋ ਸਾਦ ਮੁਰਾਦੇ
ਦੁੱਧ ਪੀਂਦੇ
ਦੀਵਾਲੀ ਨੂੰ ਦੀਵੇ ਬਾਲਦੇ
ਪਿੱਪਲ ਅੱਗੇ
ਖ਼ੁਆਜੇ ਅੱਗੇ
ਵਡਾਰੂਆਂ ਲਈ
ਕੰਜਕਾਂ ਦੇ ਪੈਰ ਧੋਂਦੇ
ਮੱਥੇ ਟੇਕਦੇ ਪੀਰਾਂ, ਫਕੀਰਾਂ ਤੇ ਗੁਰੂਆਂ ਦੀਆਂ ਥਾਵਾਂ ਤੇ
ਗੁਰੂ ਅਸਥਾਨਾਂ ਦੀ ਮਿੱਟੀ ਮੱਥੇ ਨੂੰ ਲਾਉਂਦੇ

ਇਸ ਤੋਂ ਪਹਿਲਾਂ ਕਿ ਲੋਕ ਇਹ ਅਲੋਪ ਹੋਣ
ਮਾਂ ਪਾਸਾ ਲਏਗੀ

**ਗਰੀਬ ਹਲਕੇ**

ਗਰੀਬੀ ਭਾਰੀ, ਗਰੀਬ ਹਲਕੇ
ਤੁਰਦੇ ਧਰਤੀ ਤੇ ਹੌਲੀ ਹੌਲੀ
ਗਰੀਬਾਂ ਦਾ ਭਾਰ ਕੋਈ ਨਾ

ਸਿਰਾਂ ਦੇ ਢੋਂਦੇ ਗਰੀਬੀ ਦਾ ਭਾਰ
ਧਰਤੀ ਤੇ ਨਾ ਪੈਣ ਦਿੰਦੇ
  ਬੱਕਰੀਆਂ ਨਾਲ
    ਮੱਝਾਂ ਨਾਲ
      ਬਲਦਾਂ ਨਾਲ
        ਤੁਰੇ ਜਾਂਦੇ, ਪਰ ਭਾਰ ਨਾ ਪਾਉਂਦੇ

ਧਰਤੀ ਡੋਲਦੀ ਅਮੀਰੀ ਦੇ ਭਾਰ ਨਾਲ
    ਅਮੀਰਾਂ ਨਾਲ
      ਬਹੁ-ਮੰਜ਼ਲਾ ਇਮਾਰਤਾਂ
        ਡੈਮ ਵੱਡੇ
          ਪੁਲ
            ਟਰੇਨਾਂ
              ਘਰ ਵੱਡੇ
                ਜਹਾਜ਼ ਵੱਡੇ ਤੇ ਕਰੂਜ਼ ਸ਼ਿਪ
                  ਕਾਰਾਂ ਵੱਡੀਆਂ
                    ਅਮੀਰਾਂ ਦਾ ਸਭ ਕੁੱਝ ਭਾਰਾ

ਗਰੀਬ ਰੱਖਦੇ ਧਰਤੀ ਤੇ ਇੱਕ ਕੋਨੇ ਵਿੱਚ

ਝੁੱਗੀ ਛੋਟੀ ਜਿਹੀ
ਬਾਥਰੂਮ ਜਿੰਨੀ ਥਾਂ ਵਿੱਚ
ਪੂਰਾ ਟੱਬਰ ਵਸੇ
ਪੂਰੀ ਝੁੱਗੀ ਕਲੋਨੀ ਵਿੱਚ ਬਲਬ ਜਗਦੇ
ਇੱਕ ਏ ਸੀ ਦੀ ਬਿਜਲੀ ਨਾਲ
ਗਰੀਬ ਰਹਿੰਦੇ ਧਰਤੀ ਤੇ
ਮਹਿਮਾਨਾਂ ਵਾਂਗ
ਮੁਸਾਫਰਾਂ ਵਾਂਗ
ਪੰਛੀਆਂ ਵਾਂਗ
ਫਕੀਰਾਂ ਵਾਂਗ

ਗਰੀਬ ਧਰਤੀ ਨੂੰ ਪਿਆਰੇ ਲੱਗਦੇ

## ਤੇਲ ਦੀ ਹਮਕ

ਮਿੱਟੀ ਦੇ ਤੇਲ ਨਾਲ ਚੱਲਣ ਵਾਲੇ ਸਟੋਵ ਨਵੇਂ ਨਵੇਂ ਆਏ ਸਨ ਉਦੋਂ
ਘਰ ਵਿੱਚ ਸਾਰਾ ਕੁੱਝ ਹੁਣ ਚੁੱਲ੍ਹੇ ਤੇ ਨਹੀਂ ਸੀ ਬਣਦਾ
ਅੱਧੀ ਥਾਂ ਸਟੋਵ ਨੇ ਲੈ ਲਈ

ਬਾਬਾ ਅੰਮਾਂ ਸਟੋਵ ਤੇ ਬਣਿਆ ਕੁੱਝ ਨਾ ਖਾਂਦੇ
ਕਹਿੰਦੇ ਤੇਲ ਦੀ ਹਮਕ ਆਉਂਦੀ ਹੈ
ਸਾਨੂੰ ਬੱਚਿਆਂ ਨੂੰ ਇਹ ਗੱਲ ਕਦੇ ਸਮਝ ਨਾ ਆਉਂਦੀ
ਲੱਗਦਾ ਇਹ ਬਜ਼ੁਰਗਾਂ ਦੇ ਵਹਿਮ ਨੇ
ਅਸੀਂ ਉਨ੍ਹਾਂ ਦੀ ਕਦੇ ਨਾ ਸੁਣਦੇ
ਸੋਚਦੇ ਇਹ ਪੁਰਾਣੇ ਲੋਕ ਨੇ
ਚੁੱਲ੍ਹਿਆਂ ਦੇ ਆਦੀ ਨੇ

ਸਾਲ ਬੀਤ ਗਏ
ਸਮਾਂ ਵੀ ਬਦਲ ਗਿਆ, ਧਰਤੀ ਵੀ
ਕੈਨੇਡਾ ਦੀਆਂ ਸਬਜ਼ੀਆਂ ਮੈਨੂੰ ਬੇਸੁਆਦੀਆਂ ਲੱਗਦੀਆਂ
ਰੰਗ ਵੱਖਰੇ ਪਰ ਸੁਆਦ ਇੱਕੋ
ਸ਼ਲਗਮ ਸ਼ਲਗਮ ਨਹੀਂ ਲੱਗਦੀ
ਕੱਦੂ ਕੱਦੂ ਨਹੀਂ
ਭਿੰਡੀ ਭਿੰਡੀ ਨਹੀਂ
ਨਾ ਖੀਰ ਉਹ
ਨਾ ਤਰਾਂ
ਟਮਾਟਰ ਖਾਵਾਂ ਤਾਂ ਲੱਗਦਾ ਆਲੂ ਨੇ ਭੇਸ ਬਦਲ ਲਿਆ ਹੈ

ਪਰ ਮੇਰੇ ਬੱਚੇ ਇਹ ਗੱਲ ਨਹੀਂ ਸਮਝ ਸਕਦੇ
ਤੇਲ ਦੀ ਉਸ ਹਮਕ ਬਾਰੇ ਸੋਚਦਾਂ
ਜੋ ਬਾਬਾ-ਅੰਮਾਂ ਨੂੰ ਆਉਂਦੀ ਸੀ, ਪਰ ਸਾਨੂੰ ਨਾ
ਤੇ ਫਿਰ ਇਨ੍ਹਾਂ ਬੇਸੁਆਦੀ ਸਬਜ਼ੀਆਂ ਨੂੰ ਦੇਖਦਾਂ
ਜਿਨ੍ਹਾਂ ਬਾਰੇ ਬੱਚਿਆਂ ਨੂੰ ਸਮਝਾ ਨਹੀਂ ਸਕਦਾ।

## ਪਿੰਡ

ਧੁੱਪ ਸਿਆਲ ਦੀ ਤੇ ਛਾਂ ਗਰਮੀਆਂ ਦੀ
ਇਸ ਤਰਾਂ ਦੇ ਸਨ ਸੁੱਖ-ਦੁਖ ਮੇਰੇ
ਤੈਨੂੰ ਛੱਡਕੇ ਮੈਂ ਘਿਰ ਗਿਆਂ ਏਸੀ ਅਤੇ ਹੀਟ ਦੇ ਚੱਕਰਵਿਊ ਚ

ਨਾ ਹੀਟ ਵਿੱਚ ਨਿੱਘ ਹੈ
ਨਾ ਏਸੀ ਚ ਛਾਂ

ਮੈਂ ਸਮਝਦਾ ਸਾਂ ਬਹੁਤ ਕੁੱਝ ਹੈ ਧਰਤੀ ਤੇ
ਦੇਖਣ ਵਾਲਾ
ਜਿਊਣ ਵਾਲਾ
ਖਾਣ ਵਾਲਾ
ਇਹ ਮੇਰੀ ਮਾਸੂਮੀਅਤ ਸੀ

ਬੰਦਾ ਆਪਣੇ ਆਪ ਨੂੰ ਦੇਖਣ ਲਈ ਧਰਤੀ ਦਾ ਚੱਕਰ ਕੱਟਕੇ ਮੁੜਦਾ ਹੈ

## ਅੰਬਾਂ ਦੇ ਫਲੇਵਰ

ਪਿੰਡ ਸਾਡੇ ਵਿੱਚ
ਅੰਬਾਂ ਦੇ ਫਲੇਵਰ ਹੁੰਦੇ ਸਨ
    ਸੌਂਫੀਆ
    ਸੰਤਰੀ
    ਖੋਪਾ
    ਜੁਐਣੀ
ਇਹ ਕਲਮੀ ਅੰਬਾਂ ਤੋਂ ਪਹਿਲਾਂ ਦਾ ਸਮਾ ਸੀ
ਅੰਬ ਜਦੋਂ ਆਲੂ ਨਹੀਂ ਸਨ ਬਣੇ

ਤਰੱਕੀ ਵਾਂਗ
ਆਲੂ ਵੀ ਬੜੀ ਤੇਜ਼ੀ ਨਾਲ ਫੈਲੇ ਹਨ
  ਖੀਰਿਆਂ
   ਟਮਾਟਰਾਂ
    ਸ਼ਿਮਲਾ ਮਿਰਚਾਂ
     ਪਿਆਜ਼ਾਂ ਨੇ ਬੜੀ ਤਰੱਕੀ ਕੀਤੀ ਹੈ
ਟਮਾਟਰ ਕੱਦੂਆਂ ਜਿੱਡੇ
ਪਿਆਜ, ਜਿਵੇਂ ਫਟਣ ਨੂੰ ਫਿਰਦੇ ਹੋਣ
ਕੇਲੇ, ਜਿਵੇਂ ਤੋਪ ਬਣਨਾ ਹੋਵੇ
ਪਰ ਅੰਦਰੋਂ
ਇਹ ਸਾਰੇ ਆਲੂ ਹਨ ਫਿਲਮੀ ਹੀਰੋਆਂ ਵਰਗੇ

ਸਾਰੀ ਹੀ ਦੁਨੀਆ
ਆਲੂ ਬਣ ਗਈ ਹੈ
ਮਨ ਵੀ ਆਲੂ

ਰਿਸ਼ਤੇ ਵੀ
ਬਾਬਾ-ਅੰਮਾ
ਨਾਨਾ-ਨਾਨੀ
ਚਾਚਾ-ਚਾਚੀ
ਤਾਇਆ-ਤਾਈ
ਮਾਮਾ-ਮਾਮੀ
ਭੂਆ-ਫੁੱਫੜ
ਸਭ ਆਲੂ ਹੋ ਗਏ ਹਨ ਅੰਕਲਾਂ-ਆਂਟੀਆਂ ਵਰਗੇ
ਮੈਂ ਆਪਣੇ ਬੱਚੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾਂ
ਕਿ ਤਰੱਕੀ ਤੋਂ ਪਹਿਲਾਂ
ਅੰਬਾਂ ਦੇ ਵੀ ਫਲੇਵਰ ਹੁੰਦੇ ਸਨ
    ਖੋਪੇ ਵਰਗੇ
    ਸੌਂਫ ਵਰਗੇ
    ਲੈਚੀ ਵਰਗੇ।
ਪਰ ਉਨ੍ਹਾਂ ਨੂੰ ਯਕੀਨ ਨਹੀਂ ਆਉਂਦਾ।

## ਧਰਮਾਂ ਦੀ ਖੋਜ ਤੋਂ ਪਹਿਲਾਂ

ਮੇਰੇ ਪਿੰਡ ਵਿੱਚ ਸਨ
ਜਿਮੀਂਦਾਰ
ਪੰਡਤ
ਤੇਲੀ
ਧਰਮਾਂ ਦੀ ਖੋਜ ਤੋਂ ਪਹਿਲਾਂ

'ਸਿੱਖ, ਹਿੰਦੂ, ਮੁਸਲਾਮਨਾ' ਲਫਜ਼ਾਂ ਦੀ
ਅਜੇ ਖੋਜ ਨਹੀਂ ਸੀ ਕੀਤੀ
ਪੜ੍ਹੇ ਲਿਖੇ ਲੋਕਾਂ ਨੇ
ਸ਼ਹਿਰੀਆਂ ਨੇ
ਫਿਤਨਿਆਂ ਨੇ

ਬਾਬਾ ਮੇਰਾ ਚੰਨਣ
ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋਣ ਵੇਲੇ ਬਣ ਗਿਆ ਚੰਨਣ ਸਿੰਘ
ਪੈਨਸ਼ਨ ਦੀ ਕਾਪੀ ਤੇ ਅੰਮਾ ਪੰਜਾਬੋ, ਬਣ ਗਈ ਪੰਜਾਬ ਕੌਰ

ਪਿੰਡ ਵਿਚ ਮੰਦਰ ਪੁਰਾਣਾ
ਬਾਬਾ ਫਤਹਿ ਨਾਥ ਦਾ
ਗੁਰੂ ਘਰ ਬਾਅਦ ਵਿਚ ਬਣਿਆ
ਤੇਲੀਆਂ ਦੀ ਮਸੀਤ ਇੱਕ

ਪਰ ਨਾ ਉੱਥੇ ਕੋਈ ਸਿੱਖ ਸੀ, ਨਾ ਹਿੰਦੂ, ਨਾ ਮੁਸਲਮਾਨ

ਪੜ੍ਹੇ ਲਿਖੇ ਲੋਕਾਂ ਦੀਆਂ ਕਾਢਾਂ ਤੋਂ ਪਹਿਲਾਂ
ਪਿੰਡ ਵਿੱਚ ਧਰਮ ਸੀ ਪਰ
ਧਰਮ ਨਹੀਂ ਸਨ।

## ਮਾਂ ਦਾ ਧਰਮ

ਮਾਂ ਮੇਰੀ ਪਾਠ ਕਰਦੀ ਬੱਚਿਆਂ ਲਈ ਜਪੁਜੀ ਸਾਹਬ ਦਾ
ਪਰ ਉਹ ਸਿੱਖ ਨਾ ਸੀ

ਜੋਤ ਬਾਲਦੀ
ਮੱਥਾ ਟੇਕਦੀ ਸ਼ਿਵ ਦੁਆਲੇ
ਉਹ ਹਿੰਦੂ ਨਾ ਸੀ

ਫਕੀਰ ਦੀ ਮਜ਼ਾਰ ਤੇ ਸੁੱਖ ਸੁੱਖਦੀ
ਉਹ ਮੁਸਲਮਾਨ ਨ ਸੀ

ਉਹ ਸਭ ਅੱਗੇ ਸੁੱਖਾਂ ਸੁੱਖਦੀ
    ਪੁਤ ਲਈ
    ਧੀਆਂ ਲਈ
    ਘਰ ਲਈ

ਪਰ ਮਾਂ ਦੀਆਂ ਸੁੱਖਾਂ ਦਾ ਕੋਈ ਧਰਮ ਨਹੀਂ ਸੀ
                    ਧਰਤੀ ਵਾਂਗ

## ਮਨ ਦੀਆਂ ਖੇਡਾਂ

ਮਨ ਇਹ ਬੜਾ ਚੰਚਲ ਹੈ

ਬੜਾ ਤੈਸ਼ ਵਿੱਚ ਆਉਂਦਾ ਹੈ ਕਦੇ ਕਦੇ
ਸ਼ਹਿਰੀ ਸਿੰਘਾਂ ਦੇ ਮੁੰਡਿਆਂ ਦੀ ਤਰਾਂ
ਪੰਥ ਨੂੰ ਖਤਰੇ ਦੇ ਨਾਂ ਤੇ
ਨੰਗੀਆਂ ਤਲਵਾਰਾਂ ਨਾਲ ਜਲੂਸ ਕੱਢਦਾ ਹੈ
ਤੇ ਦੁਬਕ ਜਾਂਦਾ ਹੈ
ਜਦ ਪੈਣ ਲੱਗਦੀਆਂ ਹਨ
ਤੇ ਮਰਨ ਲਈ
ਪਿੰਡਾਂ ਵਾਲਿਆਂ ਨੂੰ ਅੱਗੇ ਕਰ ਦਿੰਦਾ ਹੈ

ਮਨ ਇਹ ਬੜਾ ਚੰਚਲ ਹੈ

ਜਹਾਜ਼ ਦੇ ਚੜ੍ਹਨ ਵੇਲੇ
ਗਾਤਰਾ ਉਤਾਰ ਲੈਂਦਾ ਹੈ ਝੱਟ ਦੇ ਕੇ
ਅਤੇ ਜਹਾਜ਼ ਤੋਂ ਉਤਰਕੇ
ਬਿਨਾ ਹੈਲਮਟ ਤੋਂ ਮੋਟਰਸਾਈਕਲ ਚਲਾਉਣ ਲਈ
ਮੁਹਿੰਮ ਚਲਾਉਂਦਾ ਹੈ
ਸ਼ਾਮ ਵੇਲੇ ਕ੍ਰਿਕਟ ਖੇਡਦਾ ਹੈ
ਕਦੇ ਹੈਲਮਟ ਪਾਉਂਦਾ ਹੈ, ਕਦੇ ਕੈਪ।

ਮਨ ਇਹ ਬੜਾ ਚੰਚਲ ਹੈ!

ਨਿੱਕੇ ਬੱਚੇ ਮੰਗ ਰਹੇ ਨੇ ਕਾਰ ਦੇ ਬਾਹਰ

ਉਨ੍ਹਾਂ ਨੂੰ ਦੁਰਕਾਰਦਾ ਹੈ
ਸੜਕ ਕਿਨਾਰੇ ਬੈਠੀ
ਭੁੱਖੀ, ਪਿੰਜਰ ਗਾਂ
ਪਰ ਉਸ ਕੋਲ ਵਿਹਲ ਨਹੀਂ ਹੈ ਰੁਕਣ ਦੀ
ਮਨ ਵਿੱਚ ਬੜਾ ਜੋਸ਼ ਹੈ, ਕਾਹਲੀ ਹੈ
ਉਹ ਜਾ ਰਿਹਾ ਹੈ ਗਊ ਰਕਸ਼ਾ ਲਈ
ਕਿਸੇ ਟਰੱਕ ਨੂੰ ਘੇਰਨ ਲਈ

ਮਨ ਇਹ ਬੜਾ ਚੰਚਲ ਹੈ!

ਦਿਨੇ ਸੁੱਤਾ ਰਹਿੰਦਾ ਹੈ ਰੋਜ਼ਿਆਂ ਦੇ ਦਿਨਾਂ ਵਿੱਚ
ਰਾਤ ਨੂੰ ਜਾਗਦਾ ਹੈ
ਤੇ ਸਾਰੀ ਰਾਤ ਖਾਂਦਾ ਹੈ
ਕਿਉਂਕਿ ਉਸਨੇ ਰੋਜ਼ੇ ਰੱਖੇ ਹਨ

ਮਨ ਇਹ ਬੜਾ ਚੰਚਲ ਹੈ

ਇਕੱਠਾ ਕਰ ਰਿਹਾ ਹੈ ਚੰਦਾ
ਰਿਕਸ਼ੇ ਵਾਲਿਆਂ ਤੋਂ
ਉਨ੍ਹਾਂ ਦੀ ਯੂਨੀਅਨ ਬਣਾਉਣ ਲਈ
ਪਾਰਟੀ ਦਫਤਰ ਲਈ
ਰਾਹ ਜਾਂਦੇ ਮੰਗਤਿਆਂ ਨੂੰ ਖਾਣ ਨੂੰ ਪੈਂਦਾ ਹੈ
"ਹੱਟੇ ਕੱਟੇ ਮੰਗਣ ਤੁਰ ਪੈਂਦੇ ਐ"

ਅੱਗੇ ਇੱਕ ਬਿਰਧ ਮਾਤਾ ਬੈਠੀ ਹੈ
ਨਾ ਤੁਰ ਸਕਦੀ ਹੈ

ਨਾ ਜ਼ੁਬਾਨ ਰਹੀ ਹੈ
ਬੈਠੀ ਹੈ ਇਸ ਉਮੀਦ ਨਾਲ
ਕਿ ਬਿਨਾ ਮੰਗਿਆਂ ਵੀ ਦੇ ਦਿੰਦੇ ਹਨ ਕੁੱਝ ਲੋਕ
"ਚੱਲ ਇਸ ਮਾਤਾ ਨੂੰ ਦੇ ਦਿੰਦੇ ਹਾਂ", ਨਾਲ ਦੇ ਨੇ ਕਿਹਾ,
"ਸਾਥੀ ਵਿਅਕਤੀਗਤ ਮਦਦ ਨਾਲ ਕੁੱਝ ਨਹੀਂ ਹੋਣਾ
ਸਿਸਟਮ ਬਦਲਣਾ ਪੈਣਾ ਹੈ"
ਉਹ ਫਟਾਫਟ ਅਗਲੇ ਰਿਕਸ਼ੇ ਵਾਲੇ ਦੀ ਪਰਚੀ ਕੱਟਣ ਲੱਗ ਪਿਆ।

ਮਨ ਇਹ ਬੜਾ ਹੀ ਚੰਚਲ ਹੈ!

## ਮਨ ਦੁਖ ਰਿਹਾ ਹੈ

ਜਿਵੇਂ ਕੋਈ ਉਧੇੜ ਰਿਹਾ ਹੋਵੇ
ਫਟ ਰਹੀ ਹੈ ਮਨ ਦੀ ਸਤਹ ਇਸ ਤਰਾਂ
ਮੁਰਝਾ ਰਹੀਆਂ ਖਾਹਸ਼ਾਂ ਇੱਕ ਇੱਕ ਕਰਕੇ
ਲੜ ਰਿਹਾਂ
    ਸੁਪਨਿਆਂ ਤੇ ਸਧਰਾਂ ਨਾਲ
    ਪਸੰਦਾਂ, ਨਾਪਸੰਦਾਂ ਨਾਲ
    ਸੁਖ-ਦੁਖ ਨਾਲ
ਸੁਪਨੇ ਕੁੱਝ ਝੜ ਗਏ
ਪੱਕ ਕੇ ਡਿੱਗਦੇ ਫਲਾਂ ਵਾਂਗ
ਕੁੱਝ ਵਿਚਾਰੇ
ਜਿਵੇਂ ਕੱਚੇ ਤੋੜ ਲਏ ਗਏ
ਕੁੱਝ ਖਰਾਬ ਹੋ ਗਏ
ਪੱਕਣ ਤੋਂ ਪਹਿਲਾਂ
ਕੁੱਝ ਮਸਲ ਦਿੱਤੇ ਗਏ

ਨੀਲੇ ਅਸਮਾਨ ਵਿੱਚ
ਮੇਰਾ ਮਨ ਖਿਲਰਿਆ ਹੈ
ਟੁੱਟੇ-ਫੁੱਟੇ ਬੱਦਲ, ਤਿੜਕੇ ਸੁਪਨੇ
ਖਾਹਸ਼ਾਂ ਦੀ ਰਹਿੰਦ ਖੂੰਹਦ

ਸੋਚਦਾਂ ਹਿੰਮਤ ਕਰਾਂ ਹੁਣ
ਝਾੜੂ ਮਾਰਾਂ
ਅਸਮਾਨ ਸਾਫ ਕਰ ਦਿਆਂ ਸਾਰਾ।

## ਕੈਂਚੀ

ਮਨ ਕੱਟ ਹੁੰਦਾ ਹੈ
ਦੁਖ-ਸੁੱਖ ਦੀ ਕੈਂਚੀ ਨਾਲ
ਇਸ ਦੀ ਪਤਲੀ ਚਾਦਰ ਨੂੰ
ਕੱਟਣਾ ਕਿਹੜੇ ਸੌਖਾ ਹੈ

ਕੈਂਚੀ ਨਹੀਂ ਚੱਲਦੀ ਢਿੱਲੇ ਮਨ ਤੇ
ਤਣਨਾ ਪੈਂਦਾ ਹੈ ਇਸ ਨੂੰ
ਖਿੱਚਣਾ ਪੈਂਦਾ ਹੈ

ਸੁਖ-ਦੁਖ ਦੀ ਕੈਂਚੀ ਨਾਲ
ਮਨ ਕੱਟ ਰਿਹਾ ਹਾਂ ਆਪਣਾ।

## ਮਿਲਣਾ-ਵਿਛੜਨਾ

ਨਾ ਕੁੱਝ ਮਿਲਦਾ
ਨਾ ਵਿਛੜਦਾ
ਮਿਲਣਾ-ਵਿਛੜਨਾ ਮੇਰੇ ਮਨ ਦਾ ਵਹਿਮ
ਕੁੱਝ ਮਿਲਕੇ ਵਿਛੜ ਜਾਂਦਾ ਹੈ
ਕੁੱਝ ਵਿਛੜਕੇ ਮਿਲਦਾ ਹੈ
ਕੁੱਝ ਫੜਨ ਨਾਲ ਛੁੱਟ ਜਾਂਦਾ ਹੈ
ਕੁੱਝ ਛੁੱਟਕੇ ਮਿਲ ਜਾਂਦਾ ਹੈ

ਨਾ ਮੈਂ ਮਿਲਣਾ ਹੈ
ਨਾ ਵਿਛੜਨਾ
ਮੈਂ ਅਜਿਹੀ ਥਾਂ ਲੱਭ ਰਿਹਾ ਹਾਂ
ਜਿੱਥੇ ਬੈਠਕੇ
ਤੈਨੂੰ ਨਿਰੰਤਰ ਦੇਖ ਸਕਾਂ।

## ਸੁਗਾਤ

ਦੁਖ ਜੋ ਕਸ਼ੀਦੇ ਗਏ ਉਮਰ ਭਰ
ਕਵਿਤਾ ਬਣਾਕੇ
ਤੇਰੇ ਅੱਗੇ ਰੱਖ ਦਿੱਤੇ

ਇਹ ਮੇਰੀ ਸੁਗਾਤ ਹੈ ਤੈਨੂੰ
    ਮੇਰੇ ਦਿਲ ਦੀ ਨਿਸ਼ਾਨੀ
    ਮੇਰੇ ਮਨ ਦੀ ਆਂਚ
    ਤੇ ਤਨ ਦਾ ਸੇਕ
ਅੱਖਰ ਜੋ ਮੈਂ ਸਬਰ ਨਾਲ ਪਾਲੇ
ਤੇ ਪੱਕਣ ਦਿੱਤੇ

ਤੈਨੂੰ ਇਹ ਸੁਗਾਤ ਦੇਣ ਲਈ
ਮੈਂ ਬਹੁਤ ਉਡੀਕਿਆ।

**ਬਾਰਸ਼**

ਬੱਦਲ ਜਦ ਘਿਰ ਜਾਣ
ਦਿਲ ਜਦ ਭਰ ਜਾਵੇ
ਤਾਂ ਮੀਂਹ ਪੈਂਦਾ ਹੈ

ਅੱਖਰ ਵਗਣ ਲੱਗੇ
ਖਿਆਲ ਤਰਲ ਹੋ ਗਏ
ਸਿੰਮਣ ਲੱਗੇ ਹਨ ਧਰਤੀ ਵਿੱਚ

ਤੇਰੇ ਕਰੀਬ ਹੋਕੇ
ਇਸ ਤਰਾਂ ਹੁੰਦਾ ਹੈ
ਸਤਰ ਨਾਲ ਸਤਰ ਜੁੜਨ ਲੱਗਦੀ ਹੈ
ਕਵਿਤਾ ਵਹਿ ਤੁਰਦੀ ਹੈ।

**ਸਹੀ ਸਮਾਂ**

ਸਹੀ ਸਮੇਂ ਦੀ ਉਡੀਕ ਕਰਾਂਗਾ
ਤੀਰ ਚਲਾਉਣ ਤੋਂ ਪਹਿਲਾਂ
ਤਮਾਸ਼ਾ ਇਹ ਦੌਰ ਆਪਣਾ
ਪੂਰਾ ਕਰੇਗਾ

ਕਾਂਡ ਦਰ ਕਾਂਡ
ਨਾਟਕ ਜੀਵਨ ਦਾ ਚੱਲੇਗਾ
ਇਹ ਖੇਡ ਮੁਕਣ ਤੋਂ ਪਹਿਲਾਂ
ਉਡੀਕ ਕਰਾਂਗਾ ਸਹੀ ਪਲਾਂ ਦੀ
ਮੌਤ ਦਾ ਗੋਲ ਕਰਨ ਤੋਂ ਪਹਿਲਾਂ

## ਧਿਆਨ

ਟੀ ਵੀ ਚੱਲ ਰਿਹਾ ਹੈ
ਮੈਂ ਧਿਆਨ ਲਗਾਉਣ ਦੀ ਕੋਸ਼ਿਸ਼ ਵਿੱਚ ਹਾਂ
ਅਜੀਬੋ-ਗਰੀਬ ਸਾਊਂਡਟਰੈਕ
ਜਿਵੇਂ ਨਰਕ ਚੋਂ ਅਵਾਜ਼ਾਂ ਆ ਰਹੀਆਂ ਹੋਣ
ਜਿਵੇਂ ਮਿਊਜ਼ਕ ਨਾਲ ਹੀ
ਪਿਛਲੇ ਜਨਮਾਂ ਦਾ ਬਦਲਾ ਲੈਣਾ ਹੋਵੇ
ਕਿਸੇ ਡਰਾਉਣੇ ਦ੍ਰਿਸ਼ ਤੇ ਨਿਆਣਿਆਂ ਦੀ ਚੀਕ
ਤੇ ਮੇਰੀ ਪ੍ਰੇਸ਼ਾਨੀ ਉੱਤੇ
ਭੂਤਾਂ ਦਾ ਹਾਸਾ
ਆਪਣੇ ਸਿਮਰਨ ਦੀ ਮੱਧਮ ਅਵਾਜ਼ ਨੂੰ ਘੁੱਟਕੇ ਪਕੜਦਾਂ
ਜਿਵੇਂ ਦੀਵਾ ਲੈ ਕੇ ਤੁਫਾਨ ਚੋਂ ਲੰਘਣਾ ਹੋਵੇ
ਜਿਵੇਂ ਚੱਲਦੀ ਜੰਗ ਵਿੱਚ
ਇਸ਼ਕ ਕਰਨਾ ਹੋਵੇ ਜਾਂ
ਚੱਲਦੀ ਗੋਲੀ ਵਿੱਚ
ਅਗਵਾਕਾਰਾਂ ਤੋਂ ਜਿਵੇਂ
ਛੁਡਾਕੇ ਲਿਆਉਣਾ ਹੋਵੇ ਬੱਚੇ ਨੂੰ

ਟੀ ਵੀ ਚੱਲ ਰਿਹਾ ਹੈ ਜ਼ੋਰ ਜ਼ੋਰ ਦੀ
ਮੈਂ ਸਾਧਨਾ ਕਰਨ ਦੀ ਕੋਸ਼ਿਸ਼ ਵਿੱਚ ਹਾਂ

## ਹਵਾ ਪਕੜਨ ਦਾ ਅਭਿਆਸ

ਅੱਜ ਕੱਲ੍ਹ ਮੈਂ
ਹਵਾ ਪਕੜਨ ਦਾ ਅਭਿਆਸ ਕਰਦਾਂ
ਜਿਸ ਦਿਨ ਹਵਾ ਪਕੜ ਹੋ ਗਈ
ਮਨ ਪਕੜ ਲਵਾਂਗਾ

ਪਤਾ ਨਹੀਂ ਸੀ ਕਿ
ਧਰਤੀ ਤੇ ਹਵਾ ਤੋਂ ਵੀ ਬਰੀਕ ਚੀਜ਼ਾਂ ਹਨ

ਕਿਸੇ ਨੇ ਮੈਨੂੰ ਇਹ ਜੁਗਤ ਦੱਸੀ
ਹਵਾ ਜੋਰ ਨਾਲ ਨਹੀਂ
ਜੁਗਤ ਨਾਲ ਪਕੜੀ ਜਾਂਦੀ ਹੈ

ਦੱਸਿਆ-
ਸਾਰੀ ਹਵਾ ਪਕੜਨ ਦੀ ਲੋੜ ਨਹੀਂ
ਜਿੰਨੀ ਕੁ ਤੇਰੀ ਮੁੱਠੀ ਵਿੱਚ ਹੈ
ਉਹ ਪਕੜ ਲੈ
ਜੇ ਉਹ ਪਕੜੀ ਗਈ ਤਾਂ ਸਾਰੀ ਪਕੜੀ ਜਾਵੇਗੀ
ਜਿੰਨਾ ਖਿਲਾਅ ਪੂਰੀ ਕਾਇਨਾਤ ਵਿੱਚ ਹੈ
ਓਨਾ ਹੀ ਤੇਰੀ ਮੁੱਠੀ ਵਿੱਚ
ਜੇ ਮੁੱਠੀ ਪਕੜੀ ਗਈ
ਪੂਰੀ ਕਾਇਨਾਤ ਪਕੜ ਵਿੱਚ ਆ ਜਾਵੇਗੀ

ਜਿਵੇਂ ਬਾਤਾਂ ਵਾਲੇ ਦਿਓ ਦੀ ਜਾਨ
ਤੋਤੇ ਵਿੱਚ ਸੀ
ਕਾਇਨਾਤ ਦੀ ਜਾਨ
ਤੇਰੀ ਮੁੱਠੀ ਵਿੱਚ ਹੈ

ਅੱਜ ਕੱਲ੍ਹ ਮੈਂ
ਹਵਾ ਪਕੜਨ ਦਾ ਅਭਿਆਸ ਕਰ ਰਿਹਾ ਹਾਂ।

## ਦੁੱਧ ਚ ਪੱਤੀ

ਨਜ਼ਾਰੇ ਆਹ ਵੀ ਲੈ ਲੈਣ ਦੇ
ਅਗਲੇ ਵੀ ਦਿਖਾਦੇ
ਦੁੱਧ ਚ ਪੱਤੀ ਪਾਦੇ।

ਕੁੱਝ ਵੀ ਛੱਡਣ ਲਈ
ਦਿਲ ਨਹੀਂ ਕਰਦਾ
ਆਹ ਵੀ ਤੇ ਔਹ ਵੀ
ਦੋਵੇਂ ਮਿਲਾਦੇ
ਦੁੱਧ ਚ ਪੱਤੀ ਪਾਦੇ।

ਛੱਡ ਆਇਆ ਹਾਂ ਇੰਡੀਆ
ਪਰ ਦਿਲ ਚੋਂ ਨਹੀਂ ਜਾਂਦਾ
ਆਹ ਚੰਗਾ ਹੈ
ਪਰ ਦਿਲ ਨਹੀਂ ਲੱਗਦਾ
ਕਿਸੇ ਤਰਾਂ
ਦੋਵੇਂ ਦੁਆ ਦੇ
ਦੁੱਧ ਚ ਪੱਤੀ ਪਾਦੇ।

ਨਾ ਘਰ ਪੂਰਾ ਹੈ
ਨਾ ਬਾਹਰ
ਹਰ ਸਖਸ਼ ਅਧੂਰਾ ਹੈ
ਇਹ ਘਰ ਅਤੇ ਬਾਹਰ ਦਾ
ਚੱਕਰ ਮਿਟਾ ਦੇ

ਦੁੱਧ ਚ ਪੱਤੀ ਪਾਦੇ।

ਤੂੰ ਕਿਹਾ-
ਜੇ ਅਗਲੀ ਸੁਆਰਨੀ ਹੈ ਤਾਂ
ਇਹ ਛੱਡਣੀ ਪੈਣੀ ਐ
ਇਹ ਝੰਜਟ ਵੀ ਮੁਕਾ ਦੇ
ਦੁੱਧ ਚ ਪੱਤੀ ਪਾਦੇ।

ਟਰੇਨ ਚ ਮਿਲੇ ਹਾਂ
ਚੱਲ ਟਰੇਨ ਚ ਹੀ
ਕਵਿਤਾ ਸੁਣਾ ਦੇ
ਦੁਧ ਚ ਪੱਤੀ ਪਾਦੇ।

**ਸ਼ਬਦ**

ਮੈਂ ਕਸ਼ੀਦਿਆ ਗਿਆ ਤੇਰੀ ਉਡੀਕ ਵਿੱਚ
ਪਹਿਲੀ ਤੋੜ ਦੇ ਸ਼ਬਦਾਂ ਨਾਲ
ਤੈਨੂੰ ਮੱਥਾ ਟੇਕ ਰਿਹਾਂ
ਐਨੀ ਲੰਬੀ ਉਡੀਕ
ਜਿਵੇਂ ਕੋਈ ਰੱਖਕੇ ਭੁੱਲ ਗਿਆ ਹੋਵੇ
ਇਹ ਕੁੱਝ ਸ਼ਬਦ ਨਿਕਲੇ ਹਨ
ਬਹਿਕੇ-ਬਹਿਕੇ
ਇਨ੍ਹਾਂ ਦਾ ਹਾੜ੍ਹਾ ਲਾ।

## ਦੁਖ

ਛੋਟੇ ਛੋਟੇ ਹਨ ਦੁਖ ਮੇਰੇ
ਕੀੜੀਆਂ ਦੇ ਮਰਨ ਵਰਗੇ
ਬੱਚੇ ਤੋਂ ਜਿਵੇਂ ਖਿਡਾਉਣਾ ਟੁੱਟ ਜਾਵੇ
ਬੰਦੇ ਤੋਂ ਜਿਵੇਂ
ਖਿਲਰ ਜਾਏ ਜ਼ਿੰਦਗੀ ਬਣੀ-ਬਣਾਈ
ਖੇਡ ਜਿਵੇਂ ਵਿਗੜ ਜਾਵੇ
ਅਚਾਨਕ ਪਤਾ ਲੱਗੇ ਕਿ
ਇਹ ਤਾਂ ਲੰਘ ਗਈ
ਤੇ ਮੈਂ ਤਾਂ ਅਜੇ
ਸ਼ੁਰੂਆਤ ਕਰਨੀ ਸੀ!

ਤੂੰ ਕਹਿੰਦਾਂ
ਐਨੀ ਵੱਡੀ ਕਾਇਨਾਤ ਵਿੱਚ
ਬੰਦੇ ਦੀ ਕੀ ਹਸਤੀ ਹੈ
ਅਨੰਤ ਬ੍ਰਹਿਮੰਡ ਵਿੱਚ
ਧਰਤੀ ਇੱਕ ਟਿਮਕਣਾ ਹੈ
ਬੰਦੇ ਦਾ ਜੀਵਨ ਬੁਲਬੁਲੇ ਵਰਗਾ

ਸਹੀ ਹੋਵੇਗਾ
ਪਰ ਫਿਰ ਵੀ ਦੁਖ ਦਿੰਦੇ ਹਨ
ਨਿੱਕੇ ਨਿੱਕੇ ਦੁਖ

ਜਿਵੇਂ ਕਿਸੇ ਦੀ ਜਾੜ੍ਹ ਦੁਖਦੀ ਹੈ
ਉਸਨੂੰ ਲੱਗਦਾ ਹੈ
ਜਾੜ੍ਹ ਤੋਂ ਵੱਡਾ ਕੋਈ ਦੁਖ ਨਹੀਂ

ਤੇਰੀ ਐਨੀ ਵੱਡੀ ਕਾਇਨਾਤ ਵਿਚ
ਮੇਰੀ ਜਾੜ੍ਹ ਦੁਖਦੀ ਹੈ।

## ਲੀਲ੍ਹਾ

ਜੇ ਇਹ ਸੁਪਨਾ ਹੋਵੇ ਸੱਚੀਮੁੱਚੀਂ
    ਮੰਡੀਆਂ ਵਿੱਚ ਵਿਕਦੀਆਂ ਯਜ਼ਦੀ ਧੀਆਂ
    ਸੜਕਾਂ ਤੇ ਰੁਲਦੇ ਬੱਚੇ
    ਬਿਰਧ ਆਸ਼ਰਮਾਂ ਵਿੱਚ ਛੱਡ ਦਿੱਤੇ ਗਏ ਬਜ਼ੁਰਗ
    ਮਾਵਾਂ, ਜਿਨ੍ਹਾਂ ਦੇ ਬੱਚੇ ਗੁਆਚ ਗਏ
    ਬਦਫੈਲੀਆਂ ਦਾ ਸ਼ਿਕਾਰ ਮਾਸੂਮ ਜਿਸਮ
    ਨਸ਼ਿਆਂ ਵਿੱਚ ਉਲਝੀਆਂ ਧੀਆਂ
    ਭੁੱਖ ਨਾਲ ਮਰਦੇ ਬਾਲਾਂ ਨੂੰ ਦੇਖਦੀਆਂ ਮਾਵਾਂ
ਜੇ ਸਾਰਾ ਕੁੱਝ
ਸੁਪਨਾ ਹੋਵੇ
ਤਾਂ ਮੈਂ ਆਉਣ ਵੇਲੇ
ਲੱਡੂਆਂ ਦਾ ਡੱਬਾ ਲੈ ਕੇ ਆਵਾਂਗਾ
ਸੱਚੇ ਪਾਤਸ਼ਾਹ!

### ਤਰਜ਼

ਗੀਤ ਦੀ ਜਿਵੇਂ ਤਰਜ਼ ਹੁੰਦੀ ਹੈ
ਉਸ ਤਰਾਂ ਮਿਲ
ਸੁਰ ਸੁਆਰਦਿਆਂ ਉਮਰ ਲੰਘ ਗਈ
ਉਂਗਲਾਂ ਮਾਰਦਿਆਂ ਹੱਥ ਘਸ ਗਏ
ਕਿਸੇ ਚਾਵਾਂ ਵਾਲੇ ਦਿਨ ਦੀ ਉਡੀਕ ਵਿੱਚ ਪਏ
ਜਿਵੇਂ ਪੁਰਾਣੇ ਹੋ ਜਾਂਦੇ ਹਨ ਕੱਪੜੇ
ਆਸਾਂ ਦੇ ਸਹਾਰੇ ਉਮਰ ਬੀਤ ਗਈ
ਇਵੇਂ ਗੁਜ਼ਰੀ ਹੈ ਹੁਣ ਤੱਕ
ਜਿਵੇਂ ਪੈਰਾਸ਼ੂਟ ਖੁਲ੍ਹਣ ਤੋਂ ਪਹਿਲਾਂ ਦੇ ਪਲ ਹੁੰਦੇ ਹਨ

ਹੁਣ ਖੁਲ੍ਹ ਜਾ
ਇਨ੍ਹਾਂ ਖੰਭਾਂ ਨੂੰ ਪਰਵਾਜ਼ ਦੀ ਲੋੜ ਹੈ
ਇਨਾਂ ਸਤਰਾਂ ਨੂੰ ਤਰਜ਼ ਦੀ

ਉਡੀਕ ਰਿਹਾਂ
ਜਿਵੇਂ ਗੀਤ ਕੋਈ ਉਡੀਕਦਾ ਹੈ
ਤਰਜ਼ ਨੂੰ

**ਭਗਤਾ**

ਅੱਜ ਮੈਂ ਧੰਨੇ ਦਾ ਚੇਲਾ
ਅੱਜ ਲੜਨਾ ਤੇਰੇ ਨਾਲ ਠਾਕਰਾ!

ਇਹ ਖੇਡ ਤੂੰ ਕਿਉਂ ਰਚਾਈ
ਜੇ ਚਲਾ ਨਹੀਂ ਸਕਦਾ ਚੱਜ ਨਾਲ
ਜੇ ਬੱਚਿਆਂ ਨੂੰ ਸੜਕਾਂ ਤੇ ਰੁਲਣੋਂ ਨਹੀਂ ਬਚਾ ਸਕਦਾ

ਤੇਰੇ ਸਾਰੇ ਗ੍ਰੰਥਾਂ ਦੇ ਗਿਆਨ ਨਾਲ
ਇਨ੍ਹਾਂ ਮਾਸੂਮਾਂ ਨੂੰ ਮੈਂ ਨਹੀਂ ਸਮਝਾ ਸਕਦਾ
ਕਿ ਮਾਵਾਂ ਉਨਾਂ ਦੀਆਂ
ਕਿੱਥੇ ਚਲੇ ਗਈਆਂ
ਅਚਾਨਕ ਕਿੱਥੇ ਅਲੋਪ ਹੋ ਗਏ ਪਿਓ ਉਨ੍ਹਾਂ ਦੇ
ਤੇ ਇਸ ਮਾਂ ਨੂੰ ਕੀ ਕਹਾਂ
ਜਿਸਦੇ ਸਾਹਮਣੇ
ਉਸਦੇ ਬੱਚੇ ਨਾਲ ਫੌਜੀਆਂ ਨੇ ਬਦਫੈਲੀ ਕੀਤੀ
ਤੇ ਇਸ ਬਿਰਧ ਜੋੜੇ ਨੂੰ
ਕਿ ਮੌਤ ਨੇ
ਉਨ੍ਹਾਂ ਦੇ ਬੱਚਿਆਂ ਨੂੰ ਪਹਿਲਾਂ ਕਿਉਂ ਚੁੱਕ ਲਿਆ

ਤੇਰਾ ਇਹ ਸ਼ੋਅ ਫਲੋਪ ਲੱਗਦਾ ਮੈਨੂੰ
ਮੇਰਾ ਧੁੰਧੂਕਾਰਾ ਵਾਪਿਸ ਮੋੜ
ਮੈਂ ਅੱਜ ਧੰਨੇ ਦਾ ਚੇਲਾ
ਮੈਂ ਕੋਈ ਭਗਤੀ-ਭੁਗਤੀ ਨਹੀਂ ਕਰਨੀ।

## ਉਮਰ

ਕਾਹਦੀ ਹੈ ਉਮਰ ਬੰਦੇ ਦੀ
ਘਰ ਦੀ ਮਾਰਗੇਜ ਜਿੰਨੀ
ਕਿਸ਼ਤਾਂ ਤੋਂ ਵੀ ਪਹਿਲਾਂ ਮੁੱਕ ਜਾਂਦੀ ਹੈ

ਕੱਲ੍ਹ ਦੀ ਗੱਲ ਹੈ
ਜਦ ਮੈਂ ਪਿੰਡ ਰਹਿੰਦਾ ਸੀ

ਬਰਸਾਤ ਦੇ ਦਿਨਾਂ ਵਿੱਚ
ਸ਼ਾਮ ਵੇਲੇ
ਧਰਤੀ ਚੋਂ ਨਿਕਲਦੇ ਨਿੱਕੇ ਨਿੱਕੇ
ਖੰਭਾਂ ਵਾਲੇ ਜੀਵ
ਜਿਨਾਂ  ਨੂੰ ਅਸੀਂ ਭੁਣਖੀਆਂ ਕਹਿੰਦੇ
ਧਰਤੀ ਚੋਂ ਨਿਕਲਦੀਆਂ ਤੇ
ਬਲਬ ਦੇ ਦੋ ਕੁ ਚੱਕਰ ਮਾਰਨ ਤੋਂ ਬਾਦ
ਪੂਰੀਆਂ ਹੋ ਜਾਂਦੀਆਂ
ਡਿੱਗ ਪੈਂਦੀਆਂ
ਉਨ੍ਹਾ ਦੀ ਬੱਸ ਐਨੀ ਕੁ ਹੀ ਉਮਰ ਸੀ।

ਸੋਚਦਾਂ
ਸਪੇਸ ਚ ਬੈਠਾ ਕੋਈ ਸੋਚਦਾ ਹੋਊ
ਬੰਦੇ ਦੀ ਉਮਰ ਵੀ ਭੁਣਖੀ ਜਿੰਨੀ ਹੈ

## ਸੋਫੇ ਤੇ ਸੌਣਾ

ਸੋਫੇ ਤੇ ਸੌਣਾ ਵੀ ਅਜੀਬ ਇਬਾਦਤ ਹੈ
ਜਿਵੇਂ ਟਰੇਨ ਵਿੱਚ ਰਹਿਣਾ ਹੋਵੇ

ਯਾਦ ਰਹਿੰਦਾ ਹੈ
ਕਿ ਇਹ ਪੱਕਾ ਠਿਕਾਣਾ ਨਹੀਂ
ਬਸੇਰਾ ਹੈ ਕੁੱਝ ਦਿਨ ਦਾ
ਸਵੇਰੇ ਉੱਠੋ ਤਾਂ
ਸੋਫੇ ਤੇ ਪਿਆ ਸਰ੍ਹਾਣਾ ਤੇ ਚਾਦਰ
ਮਿਹਣਾ ਮਾਰਦੇ ਨੇ
" ਕੋਈ ਬੈੱਡ ਥੋੜ੍ਹਾ ਇਹ
ਜਲਦੀ ਚੱਕ ਸਾਨੂੰ"
ਬੈੱਡ ਤੇ ਸੌਂਦਿਆਂ ਇਸ ਤਰਾਂ ਲੱਗਦਾ
ਜਿਵੇਂ ਧਰਤੀ ਤੋਂ ਕਦੇ ਜਾਣਾ ਨਾ ਹੋਵੇ
ਸੋਫੇ ਤੇ ਸੌਣਾ
ਯਾਦ ਦਿਵਾਉਂਦਾ ਰਹਿੰਦਾ
ਮੁਸਾਫਰੀ ਦੀ
ਜਾਣ ਦੀ

**ਘਰਾਂ ਵਾਲੇ**

ਜਿਨ੍ਹਾਂ ਮਰਨਾ ਨਹੀਂ
ਜਾਣਾ ਨਹੀਂ ਧਰਤੀ ਤੋਂ
ਵੱਡੇ ਵੱਡੇ ਘਰ ਬਣਾਉਂਦੇ
ਵੱਡੀਆਂ ਕਾਰਾਂ
ਕਾਰੋਬਾਰ ਵੱਡੇ
ਖ਼ੂਨ ਬਾਲਦੇ ਨਾਂ ਪੈਦਾ ਕਰਨ ਲਈ
ਦੌਲਤ ਦੇ ਅੰਬਾਰ ਲਾਉਂਦੇ
ਜਿਨ੍ਹਾਂ ਮਰਨਾ ਨਹੀਂ

ਗਰੀਬਾਂ ਦਾ ਕੀ ਹੈ
ਅਸੀਂ ਤਾਂ ਮਰ ਜਾਣਾ ਹੈ ਇੱਕ ਦਿਨ

## ਜ਼ਖਮੀ ਦਿਲ

ਅੱਜ ਇਹ ਦਿਲ ਦੁਖਦਾ ਹੈ
ਅੱਜ ਮੈਨੂੰ
ਆਪਣੇ ਸ਼ਬਦਾਂ ਤੋਂ ਡਰ ਲੱਗਦਾ ਹੈ
ਜ਼ਖਮੀ ਹੋਣਗੇ ਵਿਚਾਰੇ
ਬੌਂਦਲੇ ਜਿਹੇ
ਮਾਯੂਸ
ਧੁਨ ਇਨ੍ਹਾਂ ਦੀ ਅੱਜ
ਉਦਾਸ ਹੋਵੇਗੀ
ਚਿਹਰੇ ਤੇ ਘਬਰਾਹਟ ਹੋਵੇਗੀ
ਅੱਜ ਮੈਂ ਤੈਨੂੰ ਨਹੀਂ ਮਿਲਦਾ
ਆਪਣੇ ਸ਼ਬਦਾਂ ਤੋਂ ਅੱਜ ਮੈਨੂੰ
ਡਰ ਲੱਗਦਾ ਹੈ

## ਮੁਹੱਬਤ ਨੂੰ ਤਿਣਕੇ ਦਾ ਸਹਾਰਾ

ਜਦ ਸਭ ਨਾਉਮੀਦੀ ਹੋਵੇ
ਨ੍ਹੇਰਾ ਹੋਵੇ
ਡੁੱਬਣ ਦੇ ਕਿਨਾਰੇ ਹੋਵੇ ਦਿਲ ਜਦ
ਉਮੀਦ ਦਾ ਇੱਕ ਤਿਣਕਾ
ਸਾਂਭ ਲੈਂਦਾ ਹੈ ਡੁਬਦਿਆਂ ਨੂੰ

ਪਤਾ ਨਹੀਂ ਤਿਣਕਾ ਕੀ ਸਹਾਰਾ ਦਿੰਦਾ ਹੋਵੇਗਾ
ਨਦੀ ਚ ਡੁੱਬਦੇ ਨੂੰ

ਪਰ ਸਹਾਰਾ ਦਿੰਦਾ ਹੈ ਰੋਜ਼ ਮੁਹੱਬਤ ਚ
ਤਿਣਕਾ ਸਾਂਭਦਾ ਹੈ ਡੁੱਬਦੇ ਦਿਲ ਨੂੰ
ਜਦ ਨੇਰ੍ਹਾ ਹੋਵੇ
ਉਮੀਦ ਬੁਝ ਰਹੀ ਹੋਵੇ
ਕੋਈ ਨਿੱਕਾ ਜਿਹਾ ਬੋਲ
ਸ਼ਬਦ ਕੋਈ
ਜਾਂ ਇਸ਼ਾਰਾ ਕੋਈ ਸੂਖਮ ਜਿਹਾ
ਕੋਈ ਖਿਆਲ ਮਾਸੂਮ ਜਿਹਾ
ਬੰਨ੍ਹਦਾ ਹੈ ਆਸ
ਇਕ ਢਲਦੀ ਸ਼ਾਮ ਕੱਢਣ ਲਈ
ਜਿਸਮ ਦੀ ਕਿਸ਼ਤੀ ਚੱਲਦੀ ਰੱਖਣ ਲਈ
ਅਗਲੀ ਸਵੇਰ ਲਈ
ਅਗਲੇ ਹਫਤੇ ਲਈ

## ਗ਼ਮ

ਗ਼ਮ ਦਾ ਐਨਾ ਹੀ ਬਹੁਤ ਹੈ
ਰੱਬ ਦਾ ਮਜ਼ਾਕ ਸਮਝਣ ਲਈ
ਬਾਕੀ ਤਾਂ ਦੁਹਰਾਓ ਹੋਵੇਗਾ
ਮੇਰੀ ਰਾਮ ਕਹਾਣੀ ਦਾ
ਸਿਤਮ ਦਾ
ਸਬਰ ਦਾ

## ਫਕੀਰਾਂ ਦਾ ਦਰਦ

ਹੜ੍ਹ ਚ ਘਿਰੇ ਲੋਕਾਂ ਨੂੰ ਕੱਢਣ ਲਈ
ਉਸ ਕੋਲ ਕਿਸ਼ਤੀ ਹੈ ਇੱਕ
ਕਿਸ਼ਤੀ ਵਿਚ ਪਰ ਸਾਰੇ
ਚੜ੍ਹ ਨਹੀਂ ਸਕਣਗੇ
ਬਾਕੀਆਂ ਨੂੰ ਛੱਡਣਾ ਪਏਗਾ ਪਿੱਛੇ
ਰੱਬ ਆਸਰੇ
ਜਿਵੇਂ ਚੁਣਨਾ ਹੋਵੇ ਆਪਣੇ ਅੱਧੇ ਪਰਿਵਾਰ ਨੂੰ ਬਚਾਉਣ ਲਈ
ਦੇਖਣਾ ਹੋਵੇ ਆਖਰੀ ਵਾਰ
ਪਿੱਛੇ ਰਹਿ ਗਿਆਂ ਨੂੰ
ਫਿਰ ਦਿਲ ਆਪਣੇ ਨੂੰ ਅਤੇ
ਪੀਣਾ ਹੋਵੇ ਜੀਵਨ ਦੀ ਬੇਬਸੀ ਨੂੰ

ਐਸਾ ਦਰਦ ਹੈ ਫਕੀਰਾਂ ਦਾ

## ਇਤਫਾਕ ਨਹੀਂ ਇਹ

ਇਸ ਤਰਾਂ ਮਿਲਣਾ ਇਤਫਾਕ ਨਹੀਂ
ਇਹ ਰਾਜ਼ ਮੈਂ ਤੈਨੂੰ ਨਹੀਂ ਦੱਸ ਸਕਦਾ
ਮੈਨੂੰ ਵਹਿਮੀ ਸਮਝ ਲੈ
ਜਾਂ ਅੰਧ-ਵਿਸ਼ਵਾਸ਼ੀ
ਜਾਂ ਸੀਮਤ ਬੁੱਧੀ ਵਾਲਾ
ਕੀ ਫਰਕ ਪੈਂਦਾ ਹੈ ਇਸ ਨਾਲ
ਸਿਰਫ ਐਨਾ ਜਾਣ ਲੈ
ਕੋਈ ਵੀ ਮੁਲਾਕਾਤ ਇਤਫਾਕ ਨਹੀਂ ਹੈ

## ਅਟਕਣ

ਮੈਂ ਅਟਕ ਗਿਆ ਹਾਂ ਇੱਥੇ
ਜਿਵੇਂ ਗਲੇ ਵਿੱਚ ਮੌਤ ਅਟਕ ਜਾਵੇ
ਜਿਵੇਂ ਧਰਤੀ ਵਿੱਚ ਜੀਵਨ ਅਟਕ ਜਾਵੇ
ਜਿਵੇਂ ਜਿਸਮ ਵਿੱਚ ਆਤਮਾ ਅਟਕ ਜਾਵੇ
ਜਿਵੇਂ ਰੋਣ ਨੂੰ ਜੀ ਕਰੇ
ਪਰ ਹੰਝੂ ਨਾ ਨਿਕਲਣ

## ਜਨਮ

ਜੇ ਤੂੰ ਮੈਨੂੰ ਮਾਫ ਕਰ ਦਿੱਤਾ ਹੁੰਦਾ ਤਾਂ
ਜਨਮ ਨਾ ਲੈਣਾ ਪੈਂਦਾ ਵਾਰ ਵਾਰ
ਜੇ ਮੈਂ ਤੈਨੂੰ ਪਛਾਣ ਲਿਆ ਹੁੰਦਾ ਪਹਿਲੀ ਨਜ਼ਰੇ
ਤਾਂ ਐਨੀ ਵਾਰ ਮਰਨਾ ਨਾ ਪੈਂਦਾ
ਮੈਂ ਘੁੰਮ ਰਿਹਾ ਹਾਂ, ਜਿਵੇਂ ਜਨਮਾਂ ਵਿੱਚ ਰੂਹ ਘੁੰਮਦੀ ਹੈ
ਜਿਵੇਂ ਚਟਾਨਾਂ ਵਿਚ ਆਤਮਾ ਪੱਥਰ ਹੋ ਜਾਂਦੀ ਹੈ

ਅਪਣਾ ਲਈਂ ਮੈਨੂੰ ਪਿਤਾ ਦੀ ਤਰਾਂ
ਸੰਭਾਲ ਲਈ ਸਮੁੰਦਰ ਦੀ ਤਰਾਂ
ਬਖਸ਼ ਲਈ ਖੁਦਾ ਦੀ ਤਰਾਂ,

## ਇਹ ਸਤਰਾਂ

ਇਹ ਸਤਰਾਂ ਜੇ ਮੈਂ ਨਾ ਲਿਖਦਾ
ਰਹਿ ਜਾਂਦੀਆਂ ਅੰਦਰ ਮੇਰੇ
ਦੁਖਦੀਆਂ ਰਹਿੰਦੀਆਂ

ਤੈਨੂੰ ਅਰਪਿਤ ਕਰਕੇ ਇਸ ਤਰਾਂ ਲੱਗਦਾ
ਜਿਵੇਂ ਮੱਥਾ ਟੇਕ ਕੇ ਉੱਠਿਆ ਹੋਵਾਂ।

**ਸਾਦਗੀ**

ਜੀਵਨ ਦੀ ਕੁੜੱਤਣ
ਰਿਸ਼ਤਿਆਂ ਦੀ ਜ਼ਹਿਰ
        ਪੀ ਜਾਣਾ
        ਜੀ ਜਾਣਾ
ਦੇਖ ਕੇ ਅਣਡਿੱਠ ਕਰ ਦੇਣਾ
        ਖੁਨਾਮੀਆਂ ਨੂੰ
        ਬਦਨਾਮੀਆਂ ਨੂੰ
ਧਰਤੀ ਜਿਵੇਂ ਸਮਾ ਲੈਂਦੀ ਹੈ ਜ਼ਹਿਰਾਂ
ਪਾਣੀ ਜਿਵੇਂ ਧੋ ਦੇਂਦਾ ਹੈ ਮਲੀਨਤਾ
ਫਕੀਰ ਜਿਵੇਂ ਗਲ ਨਾਲ ਲਾ ਲੈਂਦੇ ਹਨ
          ਗੁਨਾਹਗਾਰਾਂ ਨੂੰ

## ਦੁਆ ਤੋਂ ਨਾ ਰੋਕੀਂ

ਮੈਂ ਕੀ ਜਾਣਾ ਤੇਰੀ ਕਰਮਾਂ ਦੀ ਗਣਿਤ
ਮੈਨੂੰ ਦੁਆ ਤੋਂ ਨਾ ਰੋਕੀਂ

ਬੱਚੇ ਜੋ ਤਕਲੀਫ ਚ ਨੇ
ਭਰਾ ਜੋ ਫਸ ਗਏ ਜੀਵਨ ਦੀ ਦਲਦਲ ਵਿੱਚ
ਭੈਣਾਂ ਜੋ ਮੁਰਝਾ ਗਈਆਂ
ਸੁਪਨੇ ਤਿੜਕ ਗਏ
ਜੋ ਵਸ ਪੈ ਗਈਆਂ ਬੇਰਹਿਮ ਘਰਾਂ ਦੇ
ਮਾਵਾਂ ਜੋ ਜਿਊਣ ਦਿਲ ਤੇ ਪੱਥਰ ਰੱਖਕੇ
ਬੇਬਸ ਅਤੇ ਬਿਰਧ ਪਿਓ
ਸਭ ਲਈ ਦੁਆ ਚ ਹਾਂ

ਕਰਮਾਂ ਦੀ ਖੇਡ ਤੂੰ ਜਾਣੇ
ਮੈਂ ਤਾਂ ਭੈਣਾਂ, ਭਰਾਵਾਂ, ਬੱਚਿਆਂ, ਬਜ਼ੁਰਗਾਂ ਵਿੱਚ
ਘਿਰਿਆ ਬੰਦਾ ਹਾਂ।

## ਦੀਵਾ

ਸਿਆਹ ਰਾਤ ਵਿੱਚ ਜਗਦਾ ਇੱਕ ਦੀਵਾ
ਅਕਾਸ਼ ਸਾਰਾ ਦੇਖੇ
                    ਦੀਵੇ ਨੂੰ
ਮਾਂ ਦੇ ਮਨ ਵਿਚ ਜਿਵੇਂ ਬੱਚਾ ਹੁੰਦਾ ਹੈ
ਫਕੀਰ ਦੇ ਦਿਲ ਵਿੱਚ ਜਿਵੇਂ ਰੱਬ ਹੁੰਦਾ ਹੈ
ਦਿਲ ਵਿੱਚ ਜਿਵੇਂ ਮੁਹੱਬਤ ਹੁੰਦੀ ਹੈ
                                ਇੱਕ

## ਸਲੀਕਾ

ਮੁਹੱਬਤ ਨਾਲ ਦੇਖਣਾ ਜੀਵਨ ਦੀ ਖੇਡ
ਕਿਸੇ ਦੀ ਫਿਕਰ ਕਰਨਾ
ਦੁਆ ਕਰਨਾ ਕਿਸੇ ਲਈ
ਕਵਿਤਾ ਲਿਖਣਾ
ਤੇ ਤੁਰ ਜਾਣਾ
ਚੁਪ-ਚਾਪ

## ਤੇਰੇ ਆਉਣ ਨਾਲ

ਤੇਰੇ ਆਉਣ ਨਾਲ ਬਲੈਕ ਐਂਡ ਵਾਈਟ ਦ੍ਰਿਸ਼
ਰੰਗੀਨ ਹੋ ਗਏ

ਅਕਾਰ ਵੀ ਉਹੀ
ਜੀਵਨ ਦੀ ਗਤੀ ਵੀ ਉਹੀ
ਭੱਜ ਦੌੜ
ਚਿੰਤਾਵਾਂ
ਜ਼ਿੰਮੇਦਾਰੀਆਂ ਸਭ ਉਹੀ
ਪਰ ਢਾਲ ਬਦਲ ਗਈ, ਰੌਸ਼ਨੀ ਹੋ ਗਈ
ਜਿਵੇਂ ਨੀਮ-ਰੌਸ਼ਨੀ ਵਾਲੇ ਕਮਰੇ ਚੋਂ ਨਿਕਲ
ਵਿਹੜੇ ਚ ਆ ਬੈਠੀਏ
ਧੁੰਧਲਕਾ ਜਿਵੇਂ ਹਟ ਜਾਵੇ

ਕਣ ਕਣ ਵਿੱਚ ਰੌਸ਼ਨੀ ਤੇਰੇ ਆਉਣ ਨਾਲ
ਬਲੈਕ ਐਂਡ ਵਾਈਟ ਦ੍ਰਿਸ਼ ਰੰਗੀਨ ਹੋ ਗਏ

## ਲਿਵਿੰਗ ਰੂਮ

ਲਿਵਿੰਗ ਰੂਮ ਭਰਿਆ ਹੈ
ਮਨ ਦੀ ਤਰਾਂ
        ਹਰ ਕੋਨੇ ‘ਚ ਫੁੱਲਦਾਨ
        ਹਰ ਕੰਧ ਤੇ ਤਸਵੀਰ ਕੋਈ
        ਪ੍ਰਤਿਮਾਵਾਂ ਹਰ ਉੱਚੇ ਕੋਨੇ ਤੇ
        ਕਿਤਾਬਾਂ
        ਟੇਬਲ ਤੇ ਪਿਆ ਫੁੱਲਦਾਨ
        ਸੋਫੇ ਤੇ ਚੜ੍ਹੇ ਕਵਰ
        ਕਵਰਾਂ ਤੇ ਚੜ੍ਹੇ ਕਵਰ

ਚੀਜ਼ਾਂ ਦੀ ਐਨੀ ਭੀੜ ਵਿੱਚ ਬੈਠਿਆਂ
ਡਰ ਲਗਦਾ ਹੈ, ਕਿਤੇ ਟੁੱਟ ਨਾ ਜਾਵੇ ਕੁੱਝ
                    ਕੁੱਝ ਡਿੱਗ ਨਾ ਪਵੇ

ਜੀਵਨ ਦਾ ਸਾਰਾ ਕੂੜਾ
ਸਜਿਆ ਹੈ ਮੇੱਕਅੱਪ ਦੀ ਤਰਾਂ

ਐਨੀ ਭੀੜ ਵਾਲੇ ਮਨਾਂ ਤੋਂ ਡਰ ਲੱਗਦਾ ਹੈ!

## ਤੇਰਾ ਕਿਹੜੇ ਮੁੱਲ ਲੱਗਣਾ

ਮੈਂ ਰਾਂਝਾ ਨਹੀਂ ਪਰ ਤੂੰ ਤਾਂ ਟਿੱਲੇ ਵਾਲਾ ਹੈਂ
ਤੇਰਾ ਕਿਹੜੇ ਮੁੱਲ ਲੱਗਣਾ ਹੈ
ਦੁਆ ਹੀ ਕਰਨੀ ਹੈ ਤੂੰ
ਦਾਤ ਹੀ ਦੇਣੀ ਹੈ

ਨਾ ਮੈਂ ਤਖਤ ਮੰਗਾਂ ਨਾ ਤਾਜ
ਨਾ ਘਰ ਵੱਡੇ ਨਾ ਕਾਰਾਂ
ਨਾ ਸ਼ੋਹਰਤ ਨਾ ਰੁਤਬਾ

ਮੇਰੇ ਕੋਲ ਇੱਕ ਮੁਹੱਬਤ ਹੀ ਤਾਂ ਹੈ
ਜਿਸ ਨਾਲ ਮੈਂ ਦੁਨੀਆ  ਨੂੰ ਦੇਖਦਾਂ
ਬੱਚਿਆਂ ਲਈ ਦੁਆਵਾਂ ਕਰਦਾਂ
ਬਜ਼ੁਰਗਾਂ ਦੇ ਪੈਰ ਛੂੰਹਦਾਂ
ਧਰਤੀ ਨੂੰ ਹੱਥ ਲਾਉਂਦਾਂ

ਇਸ ਮੁਹੱਬਤ ਨੂੰ ਵਰ ਦਈਂ
ਤੂੰ ਟਿੱਲੇ ਵਾਲਾ ਹੈਂ

**ਟੋਭਾ**

ਟੋਭਾ ਟੋਭਾ ਨਹੀਂ ਸੀ ਹੁੰਦਾ ਤਰੱਕੀ ਤੋਂ ਪਹਿਲਾਂ
ਟੋਭਾ ਹੁਣ ਟੋਭਾ ਨਹੀਂ ਰਿਹਾ

ਧੁਰਾ ਸੀ ਪਿੰਡ ਦਾ
ਬਾਬੇ-ਅੰਮਾਂ ਗੱਲਾਂ ਕਰਦੇ ਟੋਭੇ ਦੀਆਂ
    ਜਦ ਖੂਹ ਨਹੀਂ ਸਨ ਲੱਗੇ
    ਟੋਭਾ ਕਿੰਨਾ ਸਾਫ ਹੁੰਦਾ
    ਪੀਣ ਲਈ ਪਾਣੀ
    ਨਹਾਉਣ ਲਈ
    ਕੱਪੜੇ ਧੋਣ ਲਈ
    ਸਭ ਟੋਭੇ ਚੋਂ ਆਉਂਦਾ

ਪਹਿਲਾਂ ਖੂਹ ਲੱਗੇ
    ਫੇਰ ਟਿਊਬਵੈੱਲ
        ਨਲਕੇ
            ਟੂਟੀਆਂ

ਟੋਭਾ ਟੋਭਾ ਨਾ ਰਿਹਾ
ਨਾਲੀਆਂ ਦਾ ਪਾਣੀ ਟੋਭੇ ਵਿੱਚ ਪੈਣ ਲੱਗਾ
ਪਿੰਡ ਦੀ ਸਭ ਤੋਂ ਪਵਿਤਰ ਥਾਂ

ਪਿੰਡ ਦੀ ਸਭ ਤੋਂ ਗੰਦੀ ਥਾਂ ਬਣ ਗਈ
ਸ਼ਬਦ ਦੇ ਅਰਥ ਬਦਲ ਗਏ

ਹਰ ਦੀਵਾਲੀ ਤੇ ਜਦ ਦੀਵੇ ਜਗਾਉਣ ਦਾ ਸਮਾਂ ਹੁੰਦਾ
ਬਾਬਾ ਅੰਮਾਂ ਯਾਦ ਕਰਦੇ
    ਟੋਭਾ ਕਿੰਨਾ ਸਾਫ ਹੁੰਦਾ ਸੀ ਨਲਕਿਆਂ ਤੋਂ ਪਹਿਲਾਂ
    ਟੋਭੇ ਦੇ ਕੰਢੇ ਦੀਵਾ ਰੱਖਦੇ
    ਟੋਭੇ ਦੀ ਯਾਦ ਵਿਚ।

## ਬਜ਼ੁਰਗ

ਬਜ਼ੁਰਗ ਅੱਜਕੱਲ੍ਹ ਵਿਰਲੇ ਬਚੇ ਹਨ

ਚਿੱਟੀਆਂ ਦਾੜ੍ਹੀਆਂ
ਸਫੈਦ ਕੱਪੜੇ
ਹੱਥ ਵਿੱਚ ਖੂੰਡਾ
ਜੋ ਮੁਕਾ ਕੇ ਬੈਠੇ ਹੋਣ ਸਫਰ ਆਪਣਾ
ਖਾਹਸ਼ਾਂ ਜਿਨ੍ਹਾਂ ਸੌਂਪ ਦਿੱਤੀਆਂ ਹੋਣ ਬੱਚਿਆਂ ਨੂੰ
ਫਤਿਹ ਬੁਲਾ ਦਿੱਤੀ ਹੋਵੇ ਤਮਾਸ਼ੇ ਨੂੰ
ਜੋ ਜਿਊਂਦੇ ਹੋਣ ਸਿਰਫ
ਅਸ਼ੀਰਵਾਦ ਦੇਣ ਲਈ
ਦੁਆਵਾਂ ਲਈ
ਜਿਨ੍ਹਾਂ ਦਾ ਸਾਇਆ ਹੋਵੇ ਸਿਰ ਤੇ
    ਬੱਚਿਆਂ ਦੇ
    ਪਸ਼ੂਆਂ ਦੇ
    ਘਰਾਂ ਦੇ
    ਪਰਿਵਾਰਾਂ ਚ ਜੋ ਮੌਜੂਦ ਹੋਣ ਸਮਾਧ ਦੀ ਤਰਾਂ

ਬਜ਼ੁਰਗ ਅੱਜਕੱਲ੍ਹ ਥੋੜ੍ਹੇ ਬਚੇ ਹਨ

**ਬੇਸਬਰੇ**

ਅਸੀਂ ਸੀਜ਼ੇਰੀਅਨ ਸਭਿਅਤਾ ਵਾਲੇ
ਉਡੀਕਦੇ ਨਹੀਂ ਕਿ ਅੰਬ ਪੱਕ ਜਾਣ
ਕੱਚੇ ਤੋੜਕੇ ਹਾਂ
ਦਵਾਈਆਂ ਨਾਲ ਪਕਾਉਂਦੇ ਹਾਂ

ਮੱਝਾਂ ਵੀ ਭੁੱਲ ਗਈਆਂ ਹੋਣੀਆਂ ਦੁੱਧ ਦਾ ਉਤਰਨਾ
ਟੀਕਿਆਂ ਨਾਲ ਉਤਾਰਦੇ ਹਾਂ
ਮਸ਼ੀਂਨਾਂ ਨਾਲ ਚੋਂਦੇ ਹਾਂ
ਮਨ ਕੜ੍ਹਦੇ ਨਹੀਂ ਹਾਰੇ ਦੇ ਦੁੱਧ ਵਾਂਗ
ਮਾਈਕਰੋਵੇਵ ਨਾਲ ਤਪਦੇ ਹਨ
ਸਟੋਵ ਨਾਲ ਉਬਲਦੇ ਨੇ

ਬਜ਼ੁਰਗੀ ਨਹੀ ਆਉਂਦੀ ਬੋਹੜ ਵਾਂਗ
ਮਨਾਂ ਤੇ ਜਿਸ ਦੀ ਛਾਂ ਹੋਵੇ
ਦਿਲ ਵਿੱਚ ਦੁਆਵਾਂ ਹੋਣ

ਦੁਆਈਆਂ ਨਾਲ ਜਿਸਮ ਬੁੱਢਾ ਹੁੰਦਾ ਹੈ
ਕੱਚੇ ਅੰਬਾਂ ਦੀ ਤਰਾਂ ਝੜ ਜਾਂਦਾ ਹੈ

## ਮੌਡਰਨ ਧਰਮ

ਜੀਵਨ ਦਾ ਉਦੇਸ਼:
ਟੀ ਵੀ ਦੇਖਣਾ

ਬੰਦੇ ਦਾ ਧਰਮ:
ਫਿਲਮਾਂ

ਪੁਰਾਣ-ਕਥਾਵਾਂ:
ਫਿਲਮਾਂ ਵਾਲਿਆਂ ਦੇ ਵਿਆਹ

ਗਿਆਨ ਮਾਰਗ:
ਅੰਤਾਕਸ਼ਰੀ

ਮਹਾਂ-ਪੁਰਸ਼:
ਜੋ ਮਸ਼ਹੂਰ ਹੋਵੇ

ਮਹਾਂਬਲੀ:
ਵਿਰਾਟ ਕੋਹਲੀ

ਰਿਸ਼ੀ:
ਯੋ-ਯੋ ਹਨੀ ਸਿੰਘ

ਮਾਰਗ-ਦਰਸ਼ਕ:
ਅਭਿਨੇਤਾ

ਰੱਬ :
ਸਚਿਨ ਤੇਂਦਲੂਕਰ

ਸਵਰਗ:
ਪਰਦੇ ਤੇ

ਨਰਕ:
ਪਰਦੇ ਪਿੱਛੇ

## ਦਾਲ ਰੋਟੀ

ਉਹ ਮੁੜ ਆਇਆ ਹੈ ਦਾਲ ਰੋਟੀ ਤੇ

ਪ੍ਰੋਫੈਸਰ ਵਰਮਾ ਛੋਟੀ ਉਮਰ ਵਿੱਚ ਆ ਗਿਆ ਸੀ ਕੈਨੇਡਾ
ਖਾਣਾ-ਪੀਣਾ ਆਪਣਾ ਸਭ ਕੁੱਝ ਭੁੱਲ ਗਿਆ
ਬੋਲੀ ਵੀ
ਰਹਿਣਾ ਸਹਿਣ ਸਾਰਾ
ਕੈਨੇਡਾ ਦਾ ਹੋ ਗਿਆ ਧੁਰ ਤੱਕ

ਉਸ ਨੂੰ ਲੱਗਦਾ ਉਹ ਤਾਂ ਕੈਨੇਡੀਅਨ ਹੀ ਹੈ
ਸਾਰੇ ਦਾ ਸਾਰਾ
ਪੰਜਾਬੀ ਉਸ ਨੂੰ ਅਹੁੜਦੀ ਨਾ
ਦੋਸਤ ਮਿੱਤਰ ਕੋਈ ਨਾ
ਜੋ ਬੋਲੇ ਬੋਲੀ ਉਸਦੀ
ਜੋ ਕਹੇ ਚੱਲ ਅੱਜ ਸਮੋਸੇ ਖਾਈਏ
ਜਲੇਬੀਆਂ ਛਕੀਏ ਨਗਰ ਕੀਰਤਨ ਤੇ

ਮਾਈਕਰੋਵੇਵ ਵਿੱਚ ਚਾਹ ਬਣਾਉਂਦਾ
ਫਾਸਟ-ਫੂਡ ਖਾਂਦਿਆਂ ਪਰ ਉਹ ਬਹੁਤ ਫਾਸਟ ਚੱਲਿਆ

ਉਮਰ ਬੀਤ ਗਈ
ਢਲ ਗਿਆ ਬਹੁਤ ਕੁੱਝ
ਖਿੱਚਾਂ ਜੀਵਨ ਦੀਆਂ ਫਿੱਕੀਆਂ ਪੈ ਗਈਆਂ
ਚਮਕਦੀਆਂ ਚੀਜ਼ਾਂ ਮੈਲੀਆਂ ਲੱਗਣ ਲੱਗੀਆਂ
ਉਹ ਬੈਠ ਗਿਆ

ਬੈਠ ਕੇ ਦੇਖਣ ਲੱਗਾ ਆਪਣਾ ਆਪ ਨੂੰ
ਆਲੇ ਦੁਆਲੇ ਨੂੰ

ਮਨ ਮੁੜ ਆਇਆ
ਜਿਵੇਂ ਸਪੇਸ ਯਾਤਰੀ ਵਾਪਿਸ ਧਰਤੀ ਤੇ ਆ ਗਿਆ ਹੋਵੇ
ਜਾਂ ਫੌਜੀ ਕੋਈ ਪਿੰਡ ਆ ਗਿਆ ਹੋਵੇ ਰਿਟਾਇਰ ਹੋਕੇ

ਫਾਸਟ ਫੂਡ ਹੁਣ ਬੇਸੁਆਦੀ ਹੋ ਗਿਆ ਸੀ
ਤਰਾਂ ਤਰਾਂ ਦੇ ਖਾਣਿਆ ਵਿੱਚ ਮਨ ਨਾ ਰਿਹਾ

ਸਿਰਫ ਦਾਲ ਰੋਟੀ ਖਾਂਦਾ ਹੈ ਅੱਜਕੱਲ੍ਹ
ਗੁੜ ਦੀ ਚਾਹ ਪੀਂਦਾ
ਪੰਜਾਬੀ ਵਿੱਚ ਗੱਲਾਂ ਕਰਦਿਆਂ
ਸੁਆਦ ਆਉਂਦਾ ਹੈ ਉਸ ਨੂੰ ਬੇਸਣ ਦੀ ਬਰਫੀ ਦਾ

ਸੋਚਦਾ ਹੈ
ਆਪਣੀ ਮਿੱਟੀ ਵਿੱਚ ਬੰਦੇ ਦੀਆ ਜੜਾਂ ਕਿੰਨੀਆਂ ਡੂੰਘੀਆਂ
ਬੰਦਾ ਵੀ ਬੂਟਿਆਂ ਵਰਗਾ
ਆਪਣੀ ਮਿੱਟੀ ਨਾਲ ਹੀ ਬਣਦਾ
ਜਿਵੇਂ ਹਰ ਮਿੱਟੀ ਦੇ ਸੇਬ ਦੀ ਆਪਣੀ ਨਸਲ ਹੁੰਦੀ
ਬਦਾਮ ਜਿਵੇਂ ਹਰ ਜਗ੍ਹਾ ਨਹੀਂ ਹੁੰਦੇ
ਨਾਰੀਆਲ ਜਿਵੇਂ ਉੱਗਦਾ ਹੈ ਆਪਣੀ ਆਬੋ ਹਵਾ ਵਿਚ
ਮੈਂ ਵੀ ਬੂਟਾ ਜੋ ਪੁੱਟ ਲਿਆਇਆ ਆਪਣੇ ਆਪ ਨੂੰ
ਜੜ੍ਹਾਂ ਲਾ ਲਈਆਂ ਇੱਥੇ
ਪਰ ਮੇਰੀ ਕਿਸਮ ਨਹੀਂ ਬਦਲੀ

**ਥੱਕੀਆਂ ਸਬਜ਼ੀਆਂ**

ਬੜੀਆਂ ਦੂਰੋਂ ਆਈਆਂ
ਹਜ਼ਾਰਾਂ ਕਿਲੋਮੀਟਰ ਦਾ ਸਫਰ ਕਰਕੇ ਕੈਲੀਫੋਰਨੀਆ ਤੋਂ
ਥੱਕੀਆਂ ਟੁੱਟੀਆਂ ਪਹੁੰਚੀਆਂ ਟੋਰਾਂਟੋ

ਇਕ ਦਿਨ ਟੁੱਟੀਆਂ ਫਾਰਮ ਚੋਂ
ਦੂਜੇ ਪੈਕ ਹੋਈਆਂ
ਤੀਜੇ ਟਰੱਕ ਚੜ੍ਹੀਆਂ
ਪੋਲਟਰੀ ਫਾਰਮ ਦੀਆਂ ਮੁਰਗੀਆਂ ਦੀ ਤਰਾਂ
ਕਈ ਦਿਨ ਦੇ ਸਫਰ ਤੋਂ ਬਾਅਦ ਪਹੁੰਚੀਆਂ ਠਿਕਾਣੇ
ਸਟੋਰਾਂ ਦੇ ਸੈਲਫਾਂ ਤੇ
ਉਡੀਕਦੀਆਂ ਖਰੀਦਦਾਰਾਂ ਨੂੰ
ਘਰਾਂ ਦੇ ਫਰਿੱਜਾਂ ਨੂੰ
ਮਸਾਂ ਪਹੁੰਚੀਆਂ ਮੇਰੇ ਤੱਕ
"ਭਰਾਵਾ ਥੱਕ ਗਏ ਹਾਂ
ਸਾਡੇ ਚ ਤਾਂ ਅੱਜਕੱਲ੍ਹ ਵੈਸੇ ਹੀ ਜਾਨ ਨਹੀਂ" ਆਲੂ ਬੋਲਿਆ
"ਜਿਵੇਂ ਮੁੰਡੇ ਤੁਹਾਡੇ ਜਿਮ ਜਾਂਦੇ
ਲੈਂਦੇ ਸਪਲੀਮੈਂਟਸ
ਸਰੀਰ ਬਣਾਉਂਦੇ ਦਰਸ਼ਨੀ
ਅਸੀਂ ਵੀ ਦੇਖਣ ਨੂੰ ਹੀ ਤਕੜੇ ਲੱਗਦੇ
ਜਾਨ-ਜੂਨ ਕੋਈ ਨਹੀਂ
ਉਤੋਂ ਸਫਰ ਮਾਰ ਲੈਂਦਾ"

ਟਮਾਟਰ ਤੋਂ ਵੀ ਰਿਹਾ ਨਾ ਗਿਆ:
"ਸਾਡੀਆਂ ਸ਼ਕਲਾਂ ਨਾ ਦੇਖ

ਐਵੇਂ ਮੇਕਅੱਪ ਹੈ
ਪਤਾ ਨਹੀਂ ਕੀ ਪਾਉਂਦੇ ਸਾਡੇ ਬੀਜਾਂ ਚ
ਵਧੀ ਜਾਂਦੇ ਹਾਂ, ਫੁੱਲ ਕੇ ਫਟਣ ਨੂੰ ਆਏ ਹਾਂ
ਅੰਦਰ ਤਾਂ ਕੁੱਝ ਹੈ ਨੀਂ”

ਨਾਲ ਬੈਠੀਆਂ ਮਿਰਚਾਂ, ਕੈਪਸੀਕਮਾਂ ਵੀ ਬੋਲਣ ਲਈ ਤਿਆਰ ਬੈਠੀਆਂ
ਪਰ ਮੈਂ ਟਾਲਾ ਵੱਟ ਗਿਆ
ਚੁੱਪ ਕਰ ਗਿਆ

ਅੱਜਕੱਲ੍ਹ ਮੈਂ ਗਿਲਾ ਨਹੀਂ ਕਰਦਾ
ਸਬਜ਼ੀਆਂ ਦੇ ਸੁਆਦ ਤੇ
ਸੋਚਦਾਂ
ਥੱਕੀਆਂ ਹੋਣਗੀਆਂ ਵਿਚਾਰੀਆਂ

## ਬਾਂਦਰਾਂ ਦਾ ਮੈਨੀਫੈਸਟੋ

ਜੰਗਲ ਵਿੱਚ ਜਦ ਸਾਡਾ ਰਾਜ ਹੋਵੇਗਾ,
ਬਾਂਦਰ ਬੋਲੇ
ਜੰਗਲ ਵਿਚ ਜੰਗਲ-ਰਾਜ ਨਹੀਂ ਹੋਵੇਗਾ

ਕੋਈ ਸ਼ੇਰ ਨਹੀਂ ਹੋਏਗਾ
ਨਾ ਗਿੱਦੜ
ਨਾ ਹਿਰਨ
ਨਾ ਰਿੱਛ
ਸਭ ਬਰਾਬਰੀ ਹੋਏਗੀ

ਸਭ ਨੂੰ ਇੱਕ ਖ਼ੁਰਾਕ ਮਿਲੇਗੀ
ਕੋਈ ਵਿਤਕਰਾ ਨਾ ਹੋਊ

ਨਾਮ ਵੀ ਨਹੀਂ ਹੋਣਗੇ ਅਲੱਗ ਅਲੱਗ
ਜਾਨਵਰਾਂ ਦੇ
ਬੂਟਿਆਂ ਦੇ
ਬੂਟਿਆਂ ਦੀਆਂ ਕਿਸਮਾਂ ਦੇ

ਅੰਬ ਅੰਬ ਨਹੀਂ ਹੋਏਗਾ, ਫਲ ਹੋਏਗਾ
ਬਾਂਦਰ ਬਾਂਦਰ ਨਹੀਂ ਹੋਵੇਗਾ, ਜਾਨਵਰ ਹੋਏਗਾ

ਨਵੀਂ ਨਸਲ ਪੈਦਾ ਕਰਾਂਗੇ
ਗਿਦੜੀ ਦਾ ਵਿਆਹ, ਸ਼ੇਰ ਨਾਲ ਕਰਾਂਗੇ
ਸ਼ੇਰਨੀ ਦਾ ਗਿੱਦੜ ਨਾਲ

ਸ਼ੇਰ ਦੀ ਬਰਾਤ ਵਿੱਚ ਚੂਹੇ ਨੱਚਣਗੇ
ਨਵੀਂ ਨਸਲ ਪੈਦਾ ਹੋਏਗੀ
ਚਾਰੇ ਪਾਸੇ ਬਰਾਬਰੀ ਹੋ ਜਾਏਗੀ

ਅਸੀਂ ਇਨਸਾਨਾਂ ਦੇ ਪੂਰਵਜ
ਇਨਸਾਨਾਂ ਦੀ ਸਲਾਹ ਲਵਾਂਗੇ
ਜੰਗਲ ਵਿੱਚ ਵੀ ਬਰਾਬਰੀ ਆਏਗੀ
ਜੰਗਲ ਵਿੱਚ ਜੰਗਲ-ਰਾਜ ਖਤਮ ਹੋਏਗਾ।

## ਸਭ ਤੋਂ ਉੱਚਾ

ਮੇਰਾ ਮਜ਼ਹਬ ਸਭ ਤੋਂ ਉੱਚਾ,
ਕਿਤਾਬ ਵੀ
ਪੈਗੰਬਰ ਵੀ, ਮੁਸਲਮਾਨ ਬੋਲਿਆ

ਜ਼ਰੂਰ ਹੋਵੇਗਾ ਭਾਈ, ਮੈਂ ਤਾਂ ਮੰਨਦਾਂ

ਮੇਰਾ ਧਰਮ ਸਭ ਤੋਂ ਉੱਚਾ,
ਕਿਤਾਬ ਵੀ,
ਮਸੀਹਾ ਵੀ, ਈਸਾਈ ਬੋਲਿਆ

ਜ਼ਰੂਰ ਹੋਵੇਗਾ ਭਾਈ, ਮੈਂ ਤਾਂ ਮੰਨਦਾਂ

ਮੇਰੀ ਸਭਿਅਤਾ ਸਭ ਤੋਂ ਉੱਚੀ
ਵੇਦ ਵੀ, ਅਵਤਾਰ ਵੀ, ਹਿੰਦੂ ਬੋਲਿਆ

ਜ਼ਰੂਰ ਹੋਵੇਗਾ ਭਾਈ, ਮੈਂ ਤਾਂ ਮੰਨਦਾਂ

ਮੇਰਾ ਪੰਥ ਸਭ ਤੋਂ ਉੱਚਾ
ਗ੍ਰੰਥ ਵੀ, ਗੁਰੂ ਵੀ, ਸਿੱਖ ਬੋਲਿਆ

ਜ਼ਰੂਰ ਹੋਵੇਗਾ ਭਾਈ, ਮੈਂ ਤਾਂ ਮੰਨਦਾਂ

ਪਰ...
ਪਹਿਲਾਂ ਆਪਸ ਵਿੱਚ ਫੈਸਲਾ ਕਰ ਲਓ।

**ਸ਼ੌਪਿੰਗ ਸਾਧਨਾ**

ਮਨ ਜਦ ਪ੍ਰੇਸ਼ਾਨ ਹੋਵੇ, ਉਕਤਾ ਜਾਏ
ਸ਼ੌਪਿੰਗ ਕਰ ਲਈਦੀ ਹੈ, ਭਟਕ ਲਈਦਾ ਹੈ ਥੋੜ੍ਹਾ
ਸਟੋਰਾਂ ਚ, ਸੇਲਾਂ ਤੇ
ਕੁੱਝ ਖਰੀਦ ਲਈਦਾ ਹੈ, ਕੁੱਝ ਗੁਆ ਲਈਦਾ ਹੈ

ਘਰ ਜਦ ਜੰਗ ਲੱਗੀ ਹੋਵੇ
ਪੁੱਠੇ ਸਿੱਧੇ ਖਿਆਲ ਆਉਣ
ਰੁੱਝ ਜਾਈਦਾ ਹੈ ਚੀਜ਼ਾਂ ਚ, ਖਰੀਦਾਂ ਚ

ਪੈਸੇ ਜੇ ਨਾ ਹੋਣ ਕੀ ਫਰਕ ਪੈਂਦਾ ਹੈ
ਕਾਰਡ ਸਾਡੇ ਪੀਰ ਸਾਡੀ ਬੇੜੀ ਬੰਨੇ ਲਾਉਣ
ਸਕੂਨ ਅੱਜਕੱਲ੍ਹ ਉਧਾਰ ਮਿਲ ਜਾਂਦਾ ਹੈ
ਕਾਰਡਾਂ ਨਾਲ ਸਮਾਨ ਮਿਲ ਜਾਂਦਾ ਹੈ
ਦੁੱਖ ਦੀਆਂ ਕਿਸ਼ਤਾਂ ਬਣ ਜਾਂਦੀਆਂ

ਸੇਲਾਂ ਸਾਡੇ ਸਤਸੰਗ
ਪੀਰ ਸਾਡੇ ਅੰਗਸੰਗ
ਦੁੱਖ ਜਿਵੇਂ ਉੱਡ ਜਾਂਦਾ ਹੈ ਸਤਸੰਗ ਵਿੱਚ ਆਕੇ
ਸੇਲਾਂ ਲੁੱਟਣ ਨਸੀਬਾਂ ਵਾਲੇ
ਗੰਜੇ ਕੰਘੀ ਖਰੀਦਣ ਅੱਧੇ ਮੁੱਲ ਤੇ

ਚੀਜ਼ਾਂ ਦੇਖਕੇ ਦੁੱਖ ਘਟਦਾ,
ਧਿਆਨ ਹਟਦਾ ਆਪਣੇ ਆਪ ਤੋਂ
ਸ਼ੌਪਿੰਗ ਭੋਗੀ ਬੰਦੇ ਦੀ ਸਾਧਨਾ

**ਔਰਗੈਨਿਕ ਬੰਦੇ**

ਔਰਗੈਨਿਕ ਸਬਜ਼ੀਆਂ ਦੀ ਤਰਾਂ
ਮਹਿੰਗੇ ਮਿਲਿਆ ਕਰਨਗੇ ਔਰਗੈਨਿਕ ਬੰਦੇ

ਬੰਦੇ ਜੋ ਜੰਮੇ ਹੋਣ
ਪਿੰਡਾਂ ਚ
ਖੇਤਾਂ ਚ
ਰੂੜੀਆਂ ਨੇੜੇ
ਬਿਨਾ ਸੀਜ਼ੇਰੀਅਨ ਦੇ
ਟੀਕਿਆਂ ਬਿਨਾਂ

ਜੋ ਪਲੇ ਹੋਣ
ਰੁੱਖਾਂ ਹੇਠ
ਧੁੱਪਾਂ ਹੇਠ
ਦੁੱਖਾਂ ਹੇਠ

ਜੋ ਝੱਲ ਗਏ
ਝੱਖੜ
ਸੋਕਾ
ਭੁੱਖ

ਧਰਤੀ ਤੇ ਜਦ ਰਾਜ ਹੋ ਗਿਆ
ਜੀ ਐਮ ਨਸਲ ਦਾ
ਕਿਤੇ ਕਿਤੇ ਮਿਲਿਆ ਕਰਨਗੇ
ਔਰਗੈਨਿਕ ਬੰਦੇ

## ਸਿੱਖ ਤੇ ਸਮੁੰਦਰ

ਸਿੱਖ ਰਿਹਾ ਹਾਂ ਹਜ਼ਾਰਾਂ ਸਦੀਆਂ ਤੋਂ
ਬਣ ਰਿਹਾ ਹਾਂ ਸਿੱਖ
ਹੋ ਰਿਹਾ ਹਾਂ
ਮੇਰੇ ਅੰਦਰ ਮਿਟ ਗਏ ਮਿਸਰ ਦੀ ਪੀੜ
ਗੁੰਮ ਗਿਆ ਮੈਸੋਪੋਟੈਮੀਆ
ਨਿਕਲਿਆ ਮੇਰੇ ਚੋਂ ਮਹਾਂਭਾਰਤ ਦਾ ਵਿਨਾਸ਼
ਕਰਬਲਾ ਦਾ ਦਰਦ
ਤਬਾਹੀ ਸੋਮਨਾਥ ਦੀ
ਲੰਘੇ ਮੇਰੇ ਚੋਂ ਬਾਬਰ ਅਬਦਾਲੀ
ਘੱਲੂਘਾਰੇ
ਜ਼ਖਮ ਭਰ ਲਏ ਸੰਤਾਲੀ ਦੇ
ਚੁਰਾਸੀ ਵੀ ਲੰਘ ਗਿਆ
ਪੀੜਾਂ ਆਈਆਂ ਵਾਰੋ ਵਾਰੀ ਕਾਫਲਿਆਂ ਦੀ ਤਰਾਂ
ਖੂਨ ਦੇ ਦਰਿਆ ਮਿਟ ਗਏ ਮੇਰੇ ਅੰਦਰ
ਜ਼ਹਿਰਾਂ ਸਾਰੀਆਂ ਪੀ ਲਈਆਂ ਸਮੁੰਦਰ ਨੇ
ਸਮੁੰਦਰ ਨਹਾ ਲਿਆ ਆਪਣੇ ਆਪ ਨਾਲ
ਲੰਘ ਆਇਆ ਸਿਤਮ ਸਾਰੇ
ਬਖਸ਼ ਦਿੱਤੇ ਗੁਨਾਹਗਾਰ ਸਾਰੇ
ਸਭ ਘੱਲੂਘਾਰੇ, ਮਹਾਂਭਾਰਤ ਸਮਾ ਗਏ ਲਹਿਰਾਂ ਦੀ ਤਰਾਂ
ਸਦੀਆਂ ਦੀ ਜ਼ਹਿਰ ਪੀ ਕੇ ਵੀ ਮੈਂ ਨਵਾਂ ਹਾਂ
ਨਾ ਮੈਂ ਕੈਦ ਧਰਤੀ ਦੇ ਕਿਸੇ ਟੁੱਕੜੇ ਵਿਚ
ਨਾ ਧਰਮ ਕੋਈ ਪਛਾਣ ਮੇਰੀ ਨਾ ਭਾਸ਼ਾ
ਮੈਂ ਫੌਜੀ ਅਕਾਲ ਪੁਰਖ ਦਾ-
ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਿਨ ਆਈ

## ਦਿਲ

ਭਾਵੇਂ ਕਿੰਨੀ ਵੀ ਝੂਠੀ ਹੋਵੇ
ਦਿਲ ਖੁਸ਼ ਹੁੰਦਾ ਹੈ ਤਾਰੀਫ ਸੁਣਕੇ
ਬੇਮਾਅਨਾ ਹੋਵੇ ਚਾਹੇ ਕਿੰਨੀ ਵੀ
ਪਰ ਦਿਲ ਫਰਕਦਾ ਹੈ ਨੁਕਤਾਚੀਨੀ ਨਾਲ

ਦਿਲ ਆਪਣੇ ਦੀ ਇਹ ਖੇਡ ਦੇਖਦਾ ਰਹਿੰਦਾਂ

ਅੰਦਰ ਮੇਰੇ ਇੱਕ ਯੁੱਧ ਚੱਲਦਾ
ਸਮਝਾਉਂਦਾ ਹਾਂ ਆਪਣੇ ਆਪ ਨੂੰ-
   ਤਾਰੀਫ ਦੇ ਆਰ-ਪਾਰ ਦੇਖ
   ਨੁਕਤਾਚੀਨੀ ਦੀ ਸੀਮਾ ਜਾਣ
ਦਿਲ ਪਰ ਮੰਨਦਾ ਨਹੀਂ
ਕਦੇ ਵਾਅਦਾ ਕਰਦਾ ਕਿ
ਅੱਗੇ ਤੋਂ ਨਹੀਂ ਡੋਲਾਂਗਾ ਨਿੰਦਾ ਨਾਲ
ਚੌੜਾ ਨਹੀਂ ਹੋਵਾਂਗਾ ਤਾਰੀਫ ਸੁਣਕੇ
ਪਰ ਜਦ ਮੌਕਾ ਆਉਂਦਾ ਫਿਰ ਡੋਲ ਜਾਂਦਾ

ਕਈ ਵਾਰ ਨਾਟਕ ਕਰਦਾ
ਨਾ ਡੋਲਣ ਦਾ ਨਿੰਦਾ ਸੁਣਕੇ ਜਾਂ
ਨਾ ਖੁਸ਼ ਹੋਣ ਦਾ ਉਸਤਤ ਨਾਲ
ਪਰ ਆਖਰ ਇਹ ਮੇਰਾ ਦਿਲ ਹੈ
ਮੇਰੇ ਨਾਲ ਝੂਠ ਕਿਵੇਂ ਬੋਲੇ

ਸ਼ਾਇਦ ਇਹ ਪੈਰ ਲਾਉਣ ਲੱਗੇ ਹੌਲੀ ਹੌਲੀ

ਜਿਵੇਂ ਬੱਚਾ ਸਿੱਖਦਾ ਹੈ ਤੁਰਨਾ ਜਾਂ
ਬੋਟ ਕੋਈ ਜਿਵੇਂ ਉਡਣਾ ਸਿੱਖਦਾ ਹੈ

ਇਹ ਨਿਕਲ ਜਾਏਗਾ ਇੱਕ ਦਿਨ
ਨਿੰਦਾ-ਉਸਤਤ ਦੀ ਗਰੈਵਿਟੀ ਤੋਂ ਬਾਹਰ
ਖਾਲੀ ਸਪੇਸ ਵਿੱਚ
ਮੁਕਤ ਉਡ ਸਕੇਗਾ ਭਾਰ ਰਹਿਤ ਹੋਕੇ

ਹੌਸਲਾ ਦਿੰਦਾ ਹਾਂ ਆਪਣੇ ਆਪ ਨੂੰ

## ਬਾਦਸ਼ਾਹੀ

ਮੈਨੂੰ ਰੋਹਬ ਨਾ ਦੇ ਬਹੁ-ਮੰਜ਼ਲਾ ਬਿਲਡਿੰਗਾਂ ਦਾ
ਵੱਡੇ ਵੱਡੇ ਪੁਲਾਂ ਦਾ
ਮਹਾਂਨਗਰਾਂ ਦਾ
ਜਹਾਜ਼ਾਂ ਦਾ
ਉਲੰਪਿਕ ਤਮਾਸ਼ਿਆਂ ਦਾ
ਮੈਂ ਤਾਂ ਧਰਤੀ ਤੇ ਸੌਂਦਾ ਹਾਂ

ਇਹ ਕਾਰਪੋਰੇਸ਼ਨਾਂ ਮੁਲਕਾਂ ਜਿੱਡੀਆਂ
ਸਪੇਸ ਸ਼ਟਲਾਂ
ਡਿਵਾਇਸ ਭਾਂਤ-ਸਭਾਂਤੇ
ਇਨ੍ਹਾਂ ਖਿਡੌਣਿਆਂ ਦਾ ਮੈਨੂੰ ਰੋਹਬ ਨਾ ਦੇ

ਇਹ ਸਰਹੱਦਾਂ ਉੱਚੀਆਂ-ਉੱਚੀਆਂ
ਤੇ ਰਗ-ਰਗ ਵਿਚ ਫੈਲੀਆਂ ਸਰਕਾਰਾਂ
ਇਹ ਵੀ ਮਿਟ ਜਾਣਗੀਆਂ ਇਕ ਦਿਨ
ਕਿੱਲ੍ਹੇ ਵੀ ਐਨੇ ਹੀ ਉੱਚੇ ਹੁੰਦੇ ਸਨ ਕਦੇ

ਸਿਤਾਰੇ ਇਹ ਗਾਉਣ ਵਾਲੇ
ਨੱਚਣ ਵਾਲੇ
ਟੱਪਣ ਵਾਲੇ
ਇਹ ਸਰਦਾਰ ਭੂਤਾਂ ਦੀ ਸਭਿਅਤਾ ਦੇ
ਇਨ੍ਹਾਂ ਰੌਸ਼ਨੀ ਦੇ ਸ਼ੇਰਾਂ ਦਾ ਮੈਨੂੰ ਰੋਹਬ ਨਾ ਦੇ

ਮੈਂ ਉਨ੍ਹਾਂ ਬਾਦਸ਼ਾਹਾਂ ਨੂੰ ਦੇਖਿਆ ਹੈ
ਜੋ ਰਹਿੰਦੇ ਜੋਗੀਆਂ ਵਾਂਗ
ਹਲਕੇ
ਬੇਪਰਵਾਹ
ਤੇ ਧਰਤੀ ਤੇ ਕੋਈ ਭਾਰ ਨਾ ਪਾਉਂਦੇ

## ਭੁੱਖ ਤੇ ਦੌੜ

ਖਾਣਾ ਵੀ ਖਾਂਦਾ ਹਾਂ ਕਾਹਲੀ ਕਾਹਲੀ
ਜਿਵੇਂ ਚੋਰੀ ਦਾ ਹੋਵੇ ਤੇ ਭੱਜਣਾ ਹੋਵੇ
ਕੰਮਾਂ ਦੀ ਦੌੜ ਵਿੱਚ
ਖਾਣਾ ਵੀ ਕੰਮ ਲੱਗੇ ਵਾਧੂ
ਜਲਦੀ ਨਬੇੜ ਕੇ ਮੁੜ ਪਰਤੀਏ ਕੰਮ ਤੇ

ਬੰਦਾ ਸੋਚਦਾ ਖਾਣਾ ਖਾਂਦਿਆਂ ਵੀ ਜੇ ਕੰਮ ਹੁੰਦੇ ਰਹਿਣ
    ਕਿਸੇ ਨਾਲ ਫੋਨ ਤੇ ਗੱਲ
    ਕੋਈ ਟੈਕਸਟ ਮੈਸੇਜ
    ਕੋਈ ਉਂਗਲ ਮਾਰ ਸਕੇ ਕੰਪਿਊਟਰ ਦੇ ਕੀਬੋਰਡ ਤੇ
    ਰੋਟੀ ਜੇ ਰੈਪ ਵਾਂਗ ਲਪੇਟ ਲਈਏ
    ਜਲਦੀ ਨਿਪਟ ਜਾਏਗੀ
    ਖਾਣਾ ਲੇਟ ਨਾ ਕਰੇ ਕੰਮ ਨੂੰ
    ਹੌਲੀ ਨਾ ਕਰੇ ਦੌੜ ਨੂੰ

ਇਸ ਦੌੜ ਦੀ ਦੌੜ ਵਿੱਚ
ਆਪਣੇ ਪੂਰਵਜ ਯਾਦ ਆਉਂਦੇ
ਜਿਨ੍ਹਾਂ ਅੱਗ ਦੀ ਖੋਜ ਕੀਤੀ ਖਾਣਾ ਬਣਾਉਣ ਲਈ
ਪੇਟ ਦੀ ਭੁੱਖ ਕਾਰਨ ਸ਼ੁਰੂ ਕੀਤੀ ਸਭਿਅਤਾ
ਜੰਗਲਾਂ ਤੋਂ ਖੇਤੀ
ਖੇਤੀ ਤੋਂ ਵਪਾਰ
ਘਰ-ਪਰਿਵਾਰ

ਤੇ ਸਭ ਸਾਮਰਾਜ ਨਿਕਲੇ ਪੇਟ ਦੀ ਭੁੱਖ ਚੋਂ
ਜਿਸ ਭੁੱਖ ਕਾਰਨ ਉਸਰਿਆ ਇਹ ਸਾਰਾ ਤਾਣਾ-ਬਾਣਾ
ਉਸ ਭੁੱਖ ਲਈ ਹੁਣ ਸਮਾਂ ਨਹੀਂ ਸਾਡੇ ਕੋਲ

ਕਾਹਲੀ ਕਾਹਲੀ ਖਾਣਾ ਖਾਂਦਿਆਂ
ਆਪਣੇ ਵਡਾਰੂਆਂ ਦਾ ਖਿਆਲ ਆਉਂਦਾ ਹੈ

**ਧਰਮ**

ਦੁਨੀਆ ਨੂੰ ਦੇਖਣਾ ਮੁਹੱਬਤ ਨਾਲ
ਤੇ ਮਾਫ ਕਰ ਦੇਣਾ
ਜਿਵੇਂ ਮਾਂ ਦੇਖਦੀ ਹੈ
ਜਿਵੇਂ ਪਿਓ ਕਰਦਾ ਹੈ

## ਸ਼ੁੱਧ ਬੀਜ

ਗਰੀਬ ਬਚ ਜਾਣਗੇ ਤਰੱਕੀ ਤੋਂ ਸ਼ਾਇਦ
ਘੱਟ ਸੋਹਣੀ ਧੀ ਜਿਵੇਂ ਬਚ ਜਾਂਦੀ ਸੀ
ਧਾੜਵੀਆਂ ਦੀ ਨਜ਼ਰ ਤੋਂ

ਜੋ ਬੱਕਰੀਆਂ ਚਾਰਦੇ, ਰਹਿੰਦੇ ਛੁੱਗੀਆਂ ਚ
ਦੂਰ ਸਭਿਅਤਾ ਤੋਂ
ਸ਼ਾਇਦ ਬਚ ਜਾਣਗੇ

ਧਾੜਵੀਆਂ ਦੀ ਨਜ਼ਰ ਹਰ ਕੋਨੇ ਤੇ
    ਆਉਂਦੇ ਰਿਜ਼ੌਰਟ ਬਣਾਉਣ ਲਈ
    ਹੋਟਲ ਬਣਾਉਣ ਲਈ
    ਬਿਲਡਿੰਗਾਂ ਉਸਾਰਨ ਲਈ
    ਖਾਣਾਂ ਖੋਦਣ ਲਈ
    ਧਾੜਵੀ ਪਹਾੜ ਖਰੀਦਦੇ
    ਪਾਣੀ ਖਰੀਦਦੇ
    ਨਦੀਆਂ ਖਰੀਦਦੇ
    ਤੇ ਹਵਾ ਵੀ....

ਇਸ ਤੋਂ ਪਹਿਲਾਂ ਕਿ ਸਾਰਾ ਕੁੱਝ ਵਿਕ ਜਾਏ
ਤੇ ਮਿੱਟੀ ਸਾਰੀ ਜ਼ਹਿਰ ਹੋ ਜਾਏ
ਮਾਂ ਧਰਤੀ ਪਾਸਾ ਲਏਗੀ
ਕੁੱਝ ਗਰੀਬ ਬਚ ਜਾਣਗੇ ਸ਼ਾਇਦ ਤਰੱਕੀ ਤੋਂ
ਇਨਸਾਨੀ ਨਸਲ ਦੇ ਸ਼ੁੱਧ ਬੀਜ
ਅਗਲੇ ਯੁੱਗ ਲਈ